# ਅੰਮ੍ਰਿਤ ਕੀਰਤਨ




# AMRIT KIRTAN

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਦਸੰਬਰ 2003

# ਗੁਰਮਤਿ ਸੰਗੀਤ : ਇਤਿਹਾਸਕ ਅਵਸਰ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਵਿਸ਼ਵ ਅਕਾਦਮਿਕਤਾ ਦੇ ਖੇਤਰ ਵਿਚ ਗੁਰਮਤਿ ਸੰਗੀਤ ਦੀ ਸਥਾਪਤੀ ਦੁਆਰਾ ਇਕ ਨਿਵੇਕਲਾ ਇਤਿਹਾਸ ਸਿਰਜਿਆ ਹੈ। ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਸਮਰਪਿਤ ਇਸ ਯੂਨੀਵਰਸਿਟੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 400 ਸਾਲਾ ਪ੍ਰਕਾਸ਼ ਉਤਸਵ ਮਨਾਉਂਦਿਆਂ ਇਕ ਵਿਸ਼ਾਲ ਗੁਰਮਤਿ ਸੰਗੀਤ ਉਸਤਵ ਦਾ ਆਯੋਜਨ ਕੀਤਾ। ਇਸ ਇਤਿਹਾਸਕ ਦਿਵਸ ਦੀ ਯਾਦ ਨੂੰ ਸਦੀਵੀ ਬਣਾਉਣ ਲਈ ਗੁਰੂ ਘਰ ਦੀ ਕੀਰਤਨ ਪਰੰਪਰਾ, ਗੁਰਮਤਿ ਸੰਗੀਤ ਨੂੰ ਵਿਲੱਖਣਤਾ ਪ੍ਰਦਾਨ ਕਰਨ ਵਾਸਤੇ ਯੂਨੀਵਰਸਿਟੀ ਵਲੋਂ 'ਗੁਰਮਤਿ ਸੰਗੀਤ ਚੇਅਰ' ਦੀ ਸਥਾਪਨਾ ਕੀਤੀ ਗਈ। ਇਸ ਦੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 400 ਸਾਲਾ ਪ੍ਰਕਾਸ਼ ਨੂੰ ਸਮਰਪਿਤ ਗੁਰਮਤਿ ਸੰਗੀਤ ਭਵਨ ਦਾ ਨਿਰਮਾਣ ਕਾਰਜ ਵੀ ਆਰੰਭ ਕੀਤਾ ਗਿਆ।



ਗੁਰਮਤਿ ਸੰਗੀਤ ਚੇਅਰ ਵਲੋਂ ਪਿਛਲੇ ਦਿਨੀਂ 18 ਨਵੰਬਰ, 2003 ਨੂੰ 'ਗੁਰਮਤਿ ਸੰਗੀਤ ਉਤਸਵ' ਦਾ ਆਯੋਜਨ ਕੀਤਾ ਗਿਆ। ਇਸ ਅਵਸਰ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਰਾਗਮਈ ਕੀਰਤਨ ਕਰਨ ਲਈ ਵਿਸ਼ਵ ਵਿਖਿਆਤ ਕੀਰਤਨਕਾਰ ਅਤੇ ਸੰਗੀਤਕਾਰ ਵਿਸ਼ੇਸ਼ ਤੌਰ ਉਤੇ ਪਹੁੰਚੇ। ਯੂਨੀਵਰਸਿਟੀ ਵਿਖੇ ਸਰਬ ਧਰਮਾਂ ਦੀ ਸਾਂਝੀ ਇਲਾਹੀ ਜੋਤ ਦੀ ਪ੍ਰਤੀਕ, ਇਮਾਰਤ ਗੁਰੂ ਗੋਬਿੰਦ ਸਿੰਘ ਭਵਨ ਦੇ ਸਾਹਮਣੇ ਖੁੱਲ੍ਹੇ ਕੀਰਤਨ ਦੀਵਾਨ ਸਜਾਏ ਗਏ। ਗੁਰੂ ਗੋਬਿੰਦ ਸਿੰਘ ਭਵਨ ਦੀ ਪਿੱਠ-ਭੂਮੀ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨਾਲ ਸਜੀ ਵੱਡਅਕਾਰੀ ਸਟੇਜ ਉਤੇ ਕੀਰਤਨਕਾਰਾਂ ਤੇ ਸੰਗੀਤਕਾਰਾਂ ਨੇ ਆਪਣੇ ਵਿਸਮਾਦੀ ਕੀਰਤਨ ਦੁਆਰਾਾ ਅਲੌਕਿਕ ਰੰਗ ਬੰਨ੍ਹਿਆ। ਸ਼ਾਸ਼ਤਰੀ ਸੰਗੀਤ ਦੇ ਵਿਸ਼ਵ ਪ੍ਰਸਿੱਧ ਗਾਇਕ ਸ੍ਰ. ਸੁਰਿੰਦਰ ਸਿੰਘ (ਸਿੰਘ ਬੰਧੂ) ਨੇ ਰਾਮਕਲੀ ਰਾਗ ਅਤੇ ਰਾਗ ਟੋਡੀ ਵਿਚ ਗੁਰੂ ਅਪਾਰ ਮਹਿਮਾ ਦਾ ਗਾਇਨ ਕਰਦਿਆਂ ਸ਼ਬਦ ਕੀਰਤਨ ਪ੍ਰਸਤੁਤ ਕੀਤਾ। ਆਪ ਜੀ ਦੇ ਗਾਇਨ ਵਿਚ ਪ੍ਰਬੀਨਤਾ ਪ੍ਰੌਢਤਾ ਤੋਂ ਇਲਾਵਾ ਸ਼ਰਧਾ ਅਤੇ ਸਮਰਪਣ ਪ੍ਰਤੱਖ ਰੂਪ ਵਿਚ ਸਾਮੂਰਤ ਹੋ ਰਿਹਾ ਸੀ।

ਪ੍ਰਸਿੱਧ ਸੰਗੀਤ ਨਿਰਦੇਸ਼ਕ ਸ੍ਰ. ਉਤਮ ਸਿੰਘ ਇਸ ਅਵਸਰ ਉਤੇ ਵਿਸ਼ੇਸ਼ ਤੌਰ 'ਤੇ ਤਸ਼ਰੀਫ਼ ਲਿਆਏ। ਫ਼ਿਲਮੀ ਸੰਗੀਤ ਵਿਚ ਆਪਣੀ ਧਾਕ ਜਮਾਉਣ ਵਾਲਾ ਇਹ ਸੰਗੀਤਕਾਰ ਅੱਜ ਪੂਰਨ ਰੂਪ ਵਿਚ ਗੁਰੂ ਨੂੰ ਸਮਰਪਿਤ ਨਜ਼ਰ ਆਇਆ। ਆਪਣੇ ਸੋਜ਼ ਅਤੇ ਸਹਿਜ ਭਰਪੂਰ ਸੁਰੀਲੇ ਕੀਰਤਨ ਦੁਆਰਾ ਸ੍ਰ. ਉਤਮ ਸਿੰਘ ਨੇ ਸੰਗਤਾਂ ਨੂੰ ਇਲਾਹੀ ਬਾਣੀ ਦੇ ਰੱਬੀ ਰੰਗ ਵਿਚ ਰੰਗੀ ਰੱਖਿਆ।

ਚਲਦਾ ਟਾਇਟਲ ਪੰਨਾ 3

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ

ਅੰਕ 12 ◆ ਸਾਲ ਪੰਦਰਵਾਂ ◆ ਦਸੰਬਰ 2003



ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)

**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 vide CIT/ CHD/ Tech./ 80-G/ 911 dated 23/05/2002 valid upto 31/ 03/2004

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



**ਚਿੱਠੀ ਪੱਤਰ ਲਈ ਪਤਾ**

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

1246/1, ਸੈਕਟਰ 22-ਬੀ, ਚੰਡੀਗੜ੍ਹ 160 022

ਫੋਨ : 0172-2701396, 2713915

**ਰਚਨਾਵਾਂ ਭੇਜਣ ਲਈ ਪਤਾ**

ਸੰਪਾਦਕ, 'ਅੰਮ੍ਰਿਤ ਕੀਰਤਨ'

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660

e-mail : drjagirsingh@rediffmail.com

Website : www.amritkirtan.org



| | |
|---|---|
| **ਮਿਤ੍ਰੂ ਅਸਾਡੜੇ ਸੇਈ**<br>*ਪਾਠਕਾਂ ਦੇ ਪੱਤਰ* | 2 |
| **ਕਰਉ ਬੇਨੰਤੀਆ**<br>*ਸੰਪਾਦਕੀ* | 4 |
| **ਭਾਰਤੀ ਸੰਗੀਤ ਨੂੰ ਪੰਜਾਬ ਦਾ ਯੋਗਦਾਨ**<br>*ਪ੍ਰੋ. ਲਛਮਣ ਸਿੰਘ ਸੀਨ* | 5 |
| **ਮਨ ਤੂੰ ਮਤ ਮਾਣੁ ਕਰਹਿ ਜਿ ॥**<br>*ਭਗਵੰਤ ਸਿੰਘ ਦਿਲਾਵਰੀ* | 11 |
| **ਉਤਪਤਿ ਪਰਲਉ ਸਬਦੇ ਹੋਵੈ...**<br>*ਭਾਈ ਕਰਮ ਸਿੰਘ ਰਤਨ* | 14 |
| **ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰੱਬੀ ਰਬਾਬ**<br>*ਪ੍ਰੋ. ਨਰਿੰਦਰ ਸਿੰਘ* | 19 |
| **ਸੰਗਤ**<br>*ਡਾ. ਜਾਗੀਰ ਸਿੰਘ* | 21 |
| **ਰੱਬ ਦੀ ਪ੍ਰਸੰਸਾ ਲਈ ਉੱਚੀ ਆਵਾਜ਼ ਦੀ ਲੋੜ ਨਹੀਂ**<br>*ਰਾਮ ਸਿੰਘ ਢੇਸੀ* | 23 |
| **Sound and Silence**<br>*Manmohan Singh* | 25 |
| **ਸੁਰ ਲਿਪੀਆਂ**<br>*ਗਿਆਨ ਸਿੰਘ ਐਬਟਾਬਾਦ* | 27 |
| **ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ**<br>*ਮਨਮੋਹਨ ਸਿੰਘ* | 28 |



**Title Designed by Ajay Yashpaul**

# 3092, Sector 37-D, Chd. Mb: 9815481273, 2694607 (R)

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING

sohal specials

Designers & Printers

Phone: 0172 - 5091443

# ਮਿਤ੍ਰ ਅਸਾਡੜੇ ਸੇਈ

♦ ਸੀਮਤ ਸਾਧਨਾਂਵ੍ਹਾ ਵਿਚ, ਉਦਾਰ ਭਾਵਨਾ ਨਾਲ ਵਿਤਰਣ ਕਰਦੇ ਹੋਏ ਮਿਆਰੀ ਲੇਖਾਂ ਦਾ ਪ੍ਰਕਾਸ਼ਨ ਕਰਨਾ ਇਕ ਕਰਾਮਾਤ ਹੀ ਹੈ ਜੋ ਗੁਰੂ ਕਿਰਪਾ ਨਾਲ ਅੰਮ੍ਰਿਤ ਕੀਰਤਨ ਪੰਜਾਬੀ ਪਤ੍ਰਕਾਰਿਤਾ ਵਿਚ ਨਿਵੇਕਲੇ ਉਦੇਸ਼ ਤੇ ਪਵਿਤ੍ਰ ਭਾਵਨਾ ਨਾਲ ਕਰਦਾ ਆ ਰਿਹਾ ਹੈ। ਪਿਛਲੇ ਪਰਚਿਆਂ ਨੂੰ ਪੜ੍ਹ ਕੇ ਇੰਝ ਪ੍ਰਮਾਣਿਤ ਹੁੰਦਾ ਹੈ ਕਿ 'ਅੰਮ੍ਰਿਤ ਕੀਰਤਨ' ਵਿਚ ਛਪਣ ਦੇ ਚਾਹਵਾਨ ਲੇਖਕਾਂ ਦੀ ਗਿਣਤੀ ਵਧ ਰਹੀ ਹੈ ਅਤੇ ਵਿਸ਼ੇ ਵਸਤੂ ਦੀ ਤਾਜ਼ਗੀ ਤੇ ਵਿਵਿਧਤਾ ਵੀ ਵਧ ਰਹੀ ਹੈ। ਇਕ ਲੇਖਕ ਦੇ ਨਾਤੇ ਇੱਛਾ ਤਾਂ ਹੁੰਦੀ ਹੈ ਕਿ ਹਰ ਮਹੀਨੇ ਛਪਾਂ ਤੇ ਇਸ ਲਈ ਪ੍ਰਯਾਸ ਵੀ ਰਹਿੰਦਾ ਹੈ ਕਿ ਪ੍ਰਕਾਸ਼ਿਤ ਹੋਣ ਵਾਲੇ ਲੇਖਾਂ ਦੀ ਫਾਈਲ ਦਾ ਭਾਰ ਨਾ ਹੌਲਾ ਹੋਣ ਦਿਆਂ ਪਰ ਇਕ ਪਾਠਕ ਦੇ ਨਾਤੇ ਨਵੇਂ ਲੇਖਕਾਂ ਨੂੰ ਪੜ੍ਹਨ ਨਾਲ ਤਾਜ਼ਗੀ ਲਗਦੀ ਹੈ ਅਤੇ ਜੇਕਰ ਵਿਚਾਰਾਂ ਦੀ ਨਵੀਨ ਸੋਝੀ, ਪ੍ਰੋੜਤਾ ਤੇ ਗੰਭੀਰਤਾ ਦੇ ਦਰਸ਼ਨ ਹੋ ਜਾਣ ਤਾਂ ਬੜਾ ਸਜਰਾਪਨ ਲਗਦਾ ਏ।

ਪ੍ਰਿੰਸੀਪਲ ਦਿਆਲ ਸਿੰਘ ਜੀ ਨੇ ਸੰਤ ਬਾਬਾ ਸੁੱਚਾ ਸਿੰਘ ਨਾਲ ਆਪਣੇ ਸੁਭਾਵਆਤਮਕ ਸੰਵਾਦ ਪ੍ਰਤੀ ਸੁਣੀ ਅਣਸੁਣੀ ਦੀ ਹਕੀਕਤ ਨਿਰਸੰਕੋਚ ਪ੍ਰਗਟ ਕੀਤੀ ਹੈ ਉਸਦੇ ਨਾਲ ਹੀ 'ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ' ਦੀ ਸ੍ਰੇਸ਼ਟਤਾ ਦੀ ਮੁਕਤ ਕੰਠ ਨਾਲ ਉਪਮਾ ਉਜਾਗਰ ਕੀਤੀ ਹੈ ਅਤੇ ਬਾਬਾ ਜੀ ਨੇ ਆਪਣੀ ਜੀਵਨ ਰੇਖਾ ਵਿਚ ਜੋ ਕੁਝ ਕਰ ਦਿਖਾਇਆ ਉਸਨੂੰ ਸੱਚੀ ਸੁੱਚੀ ਅਦੁੱਤੀ ਮੰਨਿਆ ਹੈ। ਪ੍ਰਿੰਸੀਪਲ ਦੇ ਸੁਝਾਵ ਅੱਜ ਵੀ ਉਥੇ ਹੀ ਖੜੋਤੇ ਹਨ ਅਤੇ ਪੰਥਕ ਪੱਧਰ ਤੇ ਕੋਈ ਸੁਖ ਸੁਨੇਹਾ ਨਹੀਂ ਮਿਲਿਆ ਸਗੋਂ ਬਾਬਾ ਜੀ ਦੇ ਅਕਾਲ ਚਲਾਣੇ ਨਾਲ ਉਨ੍ਹਾਂ, ਦੀ ਗੁਰਮਤਿ ਸੰਗੀਤ ਸੇਵਾ ਦਾ ਲਕਸ਼ ਵੀ ਅਣਵਿਆਹਿਆ ਹੀ ਰਹਿ ਗਿਆ ਹੈ। ਇਸ ਵਿਸ਼ੇ 'ਤੇ 'ਅੰਮ੍ਰਿਤ ਕੀਰਤਨ' ਵਿਚ ਪਹਿਲਾਂ ਈ ਸੰਵਾਦ ਹੋ ਚੁੱਕਿਆ ਹੈ। ਪ੍ਰਿੰਸੀਪਲ ਜੀ ਨੇ ਠੀਕ ਹੀ ਲਿਖਿਆ ਹੈ ਗੀਸੋ ਗੀਸੀ ਅਤੇ ਸ਼ੁਹਰਤ ਦੇ ਭੁੱਖੇ ਉਹ ਸ਼ਾਹੀ ਤੇ ਮਾਇਆਧਾਰੀ ਜਲਸੇ, ਜਲੂਸਾਂ, ਛਬੀਲਾਂ ਤੇ ਯਾਤਰਾਂਵਾਂ ਵਿਚ ਸੇਵਾ ਨਾਲੋਂ ਉਜਾੜਾ ਬਹੁਤਾ ਕਰਦੇ ਹਨ। ਜੇਕਰ ਜੁਗਤ ਨਾਲ ਅੱਧਾ ਖਰਚ ਕਰਕੇ ਲੰਗਰ ਪਾਣੀ ਦੀ ਸੇਵਾ ਕੀਤੀ ਜਾਵੇ ਅਤੇ ਬਾਕੀ ਪੈਸਾ ਤੇ ਉਤਸ਼ਾਹ ਪੰਥਕ ਨੀਹਾਂ ਦੀ ਮਜ਼ਬੂਤੀ ਲਈ ਵਰਤਿਆ ਜਾਵੇ ਤਾਂ ਸਿੱਖ ਧਰਮ ਦਾ ਸੰਸਥਾਤਮਕ ਮੁਹਾਂਦਰਾ ਉਜਲਾ ਹੋਵੇਗਾ।

ਨਿਸ਼ਕਾਮ ਕੀਰਤਨੀਏ ਅਤੇ ਪਾਠੀ ਗ੍ਰੰਥੀ ਦੀ ਤਲਾਸ਼ ਅੱਜ ਕਲ੍ਹ ਦੇ ਸਮੇਂ ਵਿਚ ਮੁਸ਼ਕਿਲ ਹੈ। ਇਸੇ ਲਈ ਕਿਸੇ ਵਿਦਵਾਨ ਕਵੀ ਨੇ ਲਿਖਿਆ ਹੈ ਕਿ-

*ਜਿਮ ਅਹਿ ਮਣਿ ਪ੍ਰਕਾਸ਼ ਕੇ ਪਾਇ॥*
*ਬੀਨ ਬੀਨ ਕਿਰਮਨ ਕੋ ਖਾਇ॥*
*ਤਿਮ ਤਿਮ ਨਰਕੀ ਕ੍ਰਿਆ ਪਛਾਨੋ॥*
*ਪਾਠ ਸੁਣ ਗਾਏ ਲੇ ਦਰਬ ਮਹਾਨੋ॥*

ਫ਼ਨੀਅਰ ਸੱਪ ਮਨੀ ਦੀ ਰੋਸ਼ਨੀ ਵਿਚ ਕੀੜੇ ਮਕੌੜੇ ਚੁਗ ਕੇ ਖਾਂਦਾ ਹੈ ਤੇ ਪਾਠ ਤੇ ਕੀਰਤਨ ਕਰਕੇ ਮਾਇਆ ਲੈਣ ਵਾਲੇ ਗੁਰਬਾਣੀ ਰਤਨ ਦਾ ਇੰਨਾਂ ਹੀ ਲਾਭ ਲੈਂਦੇ ਹਨ ਕਿ ਪੇਟ ਪਾਲ ਲੈਂਦੇ ਹਨ। ਅੱਜ ਜਦੋਂ ਸਿੱਖ ਧਰਮ ਵਿਚ ਆਪਣਾ ਵਖਰਾਪਨ ਗੁਆਕੇ ਜਮਾਨੇ ਨਾਲ ਮਾਇਕ ਦੌੜ ਲਗਾਣ ਦੀ ਤੀਬਰਤਾ ਵਧ ਗਈ ਹੈ ਤਾਂ ਪਾਠ ਤੇ ਕੀਰਤਨ ਧੰਧਾ ਬਣ ਹੀ ਗਿਆ ਹੈ। ਅੱਜ ਲੋੜ ਹੈ ਕਿ ਗੁਰੂ ਧਾਮਾਂ ਜਾਂ ਗੁਰਦੁਆਰਿਆਂ ਨਾਲ ਜੁੜੇ ਪਾਠੀ, ਗ੍ਰੰਥੀ, ਪ੍ਰਚਾਰਕ ਤੇ ਕੀਰਤਨੀਆਂ ਨੂੰ ਸਮਾਜ ਵਿਚ ਸਾਦਾ ਪਰ ਸ਼ਾਨ ਭਰਿਆ ਜੀਵਨ ਗੁਜਾਰਨ ਲਈ ਮਾਸਿਕ ਭੇਟ ਦਿੱਤਾ ਜਾਵੇ ਅਤੇ ਉਨ੍ਹਾਂ ਦੀ ਸੇਵਾ ਨਾਲ ਨਿਤਨੇਮ ਸਿਮਰਨ ਅਤੇ ਗੁਰਮੁਖੀ ਗੁਰਬਾਣੀ ਦੀ ਸਿੱਖਿਆ ਦੇਣ ਦਾ ਨਿਸ਼ਚਿਤ ਫਰਜ ਵੀ ਜੋੜਿਆ ਜਾਵੇ, ਇਸ ਤੋਂ ਬਗੈਰ ਸਿੱਖ ਧਰਮ ਵਿਚ ਪੁਜਾਰੀ ਪੰਡਾ ਵਰਗ ਦੀ ਲੋੜ ਵਧਦੀ ਜਾਵੇਗੀ ਪਰ ਸੰਗਤ ਵਿਚ ਸਤਿਕਾਰ ਭਾਵਨਾ ਘਟਦੀ ਜਾਵੇਗੀ। ਇਸ ਤਰ੍ਹਾਂ ਇਹ ਵਰਗ ਹੀਨ ਭਾਵਨਾ ਨਾਲ ਕੁੰਠਾ ਗ੍ਰਸਤ ਰਹਿਣਗੇ ਅਤੇ ਸੁਵਿਧਾ ਭੋਗੀ ਵਿਦਵਾਨ ਉਨ੍ਹਾਂ, ਨੂੰ ਮੰਗਤਾ ਤੇ ਹਰਮੋਨੀਅਨ ਨੂੰ ਠੂਠਾ ਕਹਿੰਦੇ ਰਹਿਣਗੇ।

ਡਾ. ਦਰਸ਼ਨ ਸਿੰਘ ਨਰੂਲਾ ਨੇ ਹਰਿਮੰਦਰ ਸਾਹਿਬ ਦੀ ਸੰਗੀਤ ਪਰੰਪਰਾ ਦੇ ਵਿਵਰਣ ਵਿਚ 30.9.1993 ਦੀਆਂ ਹਦਾਇਤਾਂ ਦਾ ਜਿਕਰ ਕੀਤਾ ਹੈ ਪਰ ਉਸ ਸਮੇਂ ਨਾਲੋਂ ਹੁਣ ਤਾਂ ਕੀਰਤਨ ਮਿਆਰ ਕਾਫੀ ਡਿਗਦਾ ਜਾ ਰਿਹਾ ਹੈ ਅਤੇ ਟਕਸਾਲੀ ਗੁਰਮਤਿ ਸੰਗੀਤ ਦੀਆਂ ਸੁਰਾਂ ਤੇ ਕਿਸੇ ਬਜ਼ੁਰਗ ਰਾਗੀ ਕੋਲੋਂ ਹੀ ਸੁਣੀਆਂ ਜਾ ਸਕਦੀਆਂ ਹਨ,

ਨਹੀਂ ਤਾਂ ਸੁਗਮ ਸੰਗੀਤ ਹੀ ਪ੍ਰਧਾਨ ਹੋ ਰਿਹਾ ਹੈ। ਇਹ ਆਲੋਚਨਾ ਨਹੀਂ ਸਗੋਂ ਅੰਮ੍ਰਿਤ ਰਸ ਤੋਂ ਸਖਣੇ ਹਿਰਦੇ ਦੀ ਪਿਆਸ ਪੁਕਾਰ ਤੇ ਤੜਪ ਹੈ।

ਸ੍ਰ. ਸੋਹਨ ਸਿੰਘ ਜੀ ਗੁਰਮੰਤਰ ਪ੍ਰਚਾਰਨ ਲਈ ਕਾਫੀ ਗੰਭੀਰ ਚਿੰਤਨ ਕਰਦੇ ਆ ਰਹੇ ਹਨ ਅਤੇ ਗੁਰਬਾਣੀ ਸਾਗਰ ਵਿਚੋਂ ਅਜਿਹੀ ਰਤਨ ਮਾਲਾ ਦੀ ਪੇਸ਼ਕਦਮੀ ਕਰਨ ਦਾ ਉੱਦਮ ਕਰਦੇ ਰਹਿੰਦੇ ਹਨ। ਇਥੇ ੧ਓ ਸਤਿਨਾਮ ਦਾ ਚਿੰਤਨ ਕਰਨ ਦਾ ਪ੍ਰਗਟਾਵਾ ਕੀਤਾ ਹੈ। ਸਿੱਖ ਧਰਮ ਦਾ ਫਲਸਫਾਈ ਪਿਛੋਕੜ ਹਿੰਦੂ ਧਰਮ ਹੈ ਅਤੇ ਓਮ ਵੇਦਾਂ ਦੀ ਉਪਜ ਹੈ ਤੇ ਇਸ ਅ+ਓ+ਮ ਦਾ ਅਰਥ-ਸ੍ਰਿਸ਼ਟੀ ਕਰਤਾ, ਭਰਤਾ (ਪਾਲਕ) ਤੇ ਹਰਤਾ (ਸੰਹਾਰ) ਕਾਰਜ ਕਰਨ ਵਾਲੇ ਬ੍ਰਹਮਾ ਬਿਸ਼ਨ ਮਹੇਸ਼ ਦਾ ਸਯੁਕਤ ਸਰੂਪ ਹੈ। ਸ੍ਰਿਸ਼ਟੀ ਰਚਨਾਂ ਜਾਂ ਪ੍ਰਾਣ ਸੰਚਾਰ ਕਰਨ ਕਰਕੇ ਓਮਕਾਰ ਜਾਂ ਪ੍ਰਣਵ ਵੀ ਕਿਹਾ ਜਾਂਦਾ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਹੁਦੇਵ ਵਾਦ ਦੇ ਭੁੱਲ-ਭੁਲੇਖਿਆਂ ਵਿਚੋਂ ਕਢਣ ਲਈ ਗੁਰੂ ਜੀ ਨੇ ਪਹਿਲਾਂ ਏਕਾ (ਏਕੰਕਾਰ-ਨਿਰਗੁਨ) ਜੋੜ ਕੇ 'ਨਿਰਗੁਨ ਆਪ ਸਰਗੁਨ ਵੀ ਉਹੀ' ਦੀ ਦ੍ਰਿੜਤਾ ਕਰਕੇ ਸਿੱਖ ਧਰਮ ਲਈ ਵਾਹਿਗੁਰੂ ਗੁਰਮੰਤ੍ਰ ਪ੍ਰਗਟ ਕਰਕੇ ਗੁਰਪ੍ਰਸਾਦਿ ਰੂਪ ਵਿਚ ਵੰਡਿਆ ਹੈ।

*- ਕਰਤਾਰ ਸਿੰਘ ਨੀਲਧਾਰੀ*

*162-ਏ, ਗਰੇਨ ਮਾਰਕੀਟ, ਮਧਿਆ ਮਾਰਗ, ਚੰਡੀਗੜ੍ਹ*

♦ ਉਮੀਦ ਹੈ ਚੜ੍ਹਦੀ ਕਲਾ ਵਿਚ ਹੋਵੋਗੇ। ਨਵੰਬਰ 2003 ਦੇ 'ਅੰਮ੍ਰਿਤ ਕੀਰਤਨ' ਵਿਚ ਹਰਸ਼ਗੀਤ ਪ੍ਰਕਾਸ਼ਨ ਵਲੋਂ ਪ੍ਰਕਾਸ਼ਿਤ ਪੁਸਤਕ 'ਜੀਵਨ-ਜੁਗਤਾਂ ਦੀ ਤਲਾਸ਼' ਬਾਰੇ ਤੁਹਾਡੀ ਪ੍ਰਸ਼ੰਸਾਮਈ ਰਾਇ ਪੜ੍ਹਨ ਨੂੰ ਮਿਲੀ। 'ਵੱਡੇ ਕੀਆਂ ਵਡਿਆਈਆਂ' ਅਤੇ 'ਨਿਰਗੁਣਿ ਗੁਣੁ ਕਰੇ' ਸ਼ਬਦਾਂ ਦੇ ਅਰਥ ਉਜਾਗਰ ਹੋ ਗਏ। ਤੁਸੀਂ ਆਪ ਸੁਰਤ ਤੇ ਸੋਝੀ ਦੀ ਉਸ ਅਵਸਥਾ 'ਤੇ ਪਹੁੰਚੇ ਹੋ ਜਿੱਥੋਂ ਮਨੁੱਖ ਨੂੰ ਇਸ ਕਾਇਨਾਤ ਦਾ ਹਰ ਜ਼ੱਰਾ ਮਹਿਮਾਮਈ ਨਜ਼ਰ ਆਉਂਦਾ ਹੈ।

ਹਾਂ, ਇਕ ਗੱਲ ਨਿਰਸੰਕੋਚ ਸਵੀਕਾਰੀ ਜਾ ਸਕਦੀ ਹੈ ਕਿ ਸਾਡੀ ਮਾਂ ਬੋਲੀ ਬਹੁਤ ਸਮਰੱਥ ਹੈ। ਮਾਸੂਮੀਅਤ ਨਾਲ ਇਸ ਵਿਚ ਗੱਲ ਕੀਤੀ ਜਾਵੇ ਤਾਂ ਮਿਹਰਾਂ ਦੇ ਮੀਂਹ ਵਸ ਪੈਂਦੇ ਹਨ। ਜਿਨ੍ਹਾਂ ਸਧਾਰਨ ਲੋਕਾਂ ਦੀ ਇਹ ਬੋਲੀ ਹੈ, ਉਹ ਵੀ ਸੰਭਾਵਨਾਵਾਂ ਪੱਖੋਂ ਬੇਓੜਕ ਅਮੀਰ ਹਨ। ਤੁਹਾਡੇ ਜਿਹੇ ਕਰਤਾਰੀ ਸੱਜਣਾਂ ਦੀ ਸੰਗਤ ਸਦਕਾ ਮੇਰੀ ਜਾਗ ਜ਼ਰਾ ਕੁ ਖੁੱਲ੍ਹੀ ਹੈ। ਜਿਸ ਕਾਸੇ ਦੀ ਤੁਸੀਂ ਪ੍ਰਸੰਸਾ ਕੀਤੀ ਹੈ, ਉਸ ਵਿਚ ਮੇਰਾ ਕੁਝ ਵੀ ਨਹੀਂ। ਮੈਂ ਤਾਂ ਜ਼ਿੰਦਗੀ ਦੀ ਆਰਤੀ ਉਤਾਰਨ ਵਾਲਿਆਂ ਦੇ ਬਹੁਤ ਪਿੱਛੇ ਖੜ੍ਹਾ ਹਾਂ ਤੇ ਹੈਰਤ ਵਿਚ, ਬਾਲਾਂ ਵਾਂਗ ਅੱਡੀਆਂ ਚੁੱਕ ਚੁੱਕ ਕੇ ਵੇਖਦਾ ਪਿਆ ਹਾਂ।

*- ਡਾ. ਕਰਨੈਲ ਸਿੰਘ ਸੋਮਲ*

*337, ਫੇਜ਼ 6, ਮੋਹਾਲੀ*

♦ ਨਵੰਬਰ ਅੰਕ ਬੇਹੱਦ ਪਸੰਦ ਆਇਆ। ਵਿਦਿਆਰਥੀ ਕੀਰਤਨ ਦਰਬਾਰ ਦੀਆਂ ਕੁਝ ਝਲਕੀਆਂ, 'ਚਾਨਣ ਦਾ ਵਾਕ' ਕਵਿਤਾ ਲੇਖਕ ਮਨਮੋਹਨ ਸਿੰਘ ਦਾਂਊ, 'ਗੁਰਮਤਿ ਸੰਗੀਤ ਤੇ ਗੁਰੂ ਕੇ ਕੀਰਤਨੀਏ' ਵਲੋਂ ਪ੍ਰਿੰ. ਦਿਆਲ ਸਿੰਘ ਜੀ ਦਿੱਲੀ, ਪ੍ਰੋ. ਡਾ. ਦਰਸ਼ਨ ਸਿੰਘ ਜੀ ਨਰੂਲਾ ਵਲੋਂ 'ਹਰਿਮੰਦਰ ਸਾਹਿਬ ਦੀ ਸੰਗੀਤ ਪਰੰਪਰਾ', ਕਰਤਾਰ ਸਿੰਘ ਨੀਲਧਾਰੀ ਵਲੋਂ 'ਕਿਨ ਜਪਿਓ ਗੁਰਮੰਤ (ਨੌਵੇਂ ਮਹੱਲੇ ਦੇ ਸ਼ਲੋਕਾਂ ਦਾ ਚਿੰਤਨ)', ਸੋਹਨ ਸਿੰਘ ਚੰਡੀਗੜ੍ਹ ਵਲੋਂ ੴ ਸਤਿਨਾਮ ਦਾ ਆਪਸੀ ਸਬੰਧ, ਭਾਈ ਕਰਮ ਸਿੰਘ ਰਤਨ ਵਲੋਂ ਰਾਗ ਮਾਲਾ। ਆਦਿਕ ਸਭ ਸਮੱਗਰੀ ਬਹੁਤ ਹੀ ਸਿੱਖਿਆ ਦਾਇਕ ਸੀ।

*- ਪ੍ਰੋ. ਮੰਗਤ ਸਿੰਘ ਮਸਤਾਨਾ*

*ਅਸ਼ੋਕਾ ਰਿਫਰੈਸ਼ਮੈਂਟ, ਮੰਡੀ ਹਰਜੀਰਾਮ,*

*ਮਲੋਟ (ਮੁਕਤਸਰ)*

## ਕਰਉ ਬੇਨੰਤੀਆ

### ਚੰਗੀ ਖ਼ਬਰ

ਮੈਂ ਸਵੇਰੇ ਸਵੇਰੇ ਉਠਦਿਆਂ ਕਈ ਵਾਰ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਅੱਜ ਅਖ਼ਬਾਰ ਵਿਚੋਂ ਚੰਗੀਆਂ ਖ਼ਬਰਾਂ ਪੜ੍ਹਨ ਨੂੰ ਮਿਲਣ। ਭਾਵੇਂ ਬਹੁਤੀਆਂ ਖ਼ਬਰਾਂ ਨਕਾਰਾਤਮਕ ਹੁੰਦੀਆਂ ਹਨ ਪਰ ਫਿਰ ਵੀ ਕਿਤੇ ਕਿਤੇ ਹਨੇਰੀ ਰਾਤ ਵਿਚ ਚਮਕਦੇ ਜੁਗਨੂੰ ਵਾਂਗ ਸਾਕਾਰਾਤਮਕ ਖ਼ਬਰਾਂ ਵੀ ਝਾਤ-ਝਾਤ ਕਰਦੀਆਂ ਦਿਸ ਪੈਂਦੀਆਂ ਹਨ।

ਪਿਛਲੇ ਦਿਨੀਂ ਖ਼ਬਰ ਪੜ੍ਹੀ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਗੁਰਮਤਿ ਸੰਗੀਤ ਭਵਨ ਸਥਾਪਤ ਕੀਤਾ ਜਾ ਰਿਹਾ ਹੈ। ਇਸ ਵਿਚ ਗੁਰਮਤਿ ਸੰਗੀਤ ਸਬੰਧੀ ਅਕਾਦਮਿਕ ਕਾਰਜ ਹੋਵੇਗਾ। ਇਸ ਦੇ ਨਾਲ ਨਾਲ ਇਥੇ ਇਕ ਲਾਇਬ੍ਰੇਰੀ ਬਣਾਈ ਜਾ ਰਹੀ ਹੈ ਜਿਸ ਵਿਚ ਸੰਗੀਤ ਨਾਲ ਸਬੰਧਤ ਪੁਸਤਕਾਂ, ਟੇਪਾਂ, ਤਸਵੀਰਾਂ, ਪੁਰਾਤਨ ਸਾਜ਼ ਆਦਿ ਰੱਖੇ ਜਾਣਗੇ। ਇਸ ਭਵਨ ਵਿਚ ਗੁਰਮਤਿ ਸੰਗੀਤ ਚੇਅਰ ਦਾ ਮੁੱਖ ਦਫ਼ਤਰ ਵੀ ਹੋਵੇਗਾ।

ਗੁਰਮਤਿ ਸੰਗੀਤ ਭਵਨ ਦਾ ਨੀਂਹ ਪੱਥਰ ਰੱਖਣ ਸਮੇਂ ਅਕਾਲ ਤਖ਼ਤ ਦੇ ਜਥੇਦਾਰ ਸਾਹਿਬ ਤੋਂ ਇਲਾਵਾ, ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਮਹਾਰਾਣੀ ਪ੍ਰਨੀਤ ਕੌਰ, ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਅਤੇ ਕਲਾਸੀਕਲ ਗਾਇਕ ਜੋੜੀ ਸਿੰਘ ਬੰਧੂਆਂ ਵਿਚ ਪ੍ਰੋ. ਸੁਰਿੰਦਰ ਸਿੰਘ ਦੇ ਨਾਲ ਨਾਲ ਸ੍ਰ. ਉੱਤਮ ਸਿੰਘ ਫਿਲਮ ਸੰਗੀਤਕਾਰ ਵੀ ਹਾਜ਼ਰ ਸਨ। ਇਸ ਤੋਂ ਪ੍ਰਤੀਤ ਹੋਇਆ ਕਿ ਸਾਰੇ ਹੀ ਬਿਨਾਂ ਕਿਸੇ ਭਿੰਨ ਭੇਦ ਦੇ ਇਸ ਕਾਰਜ ਨਾਲ ਸਹਿਮਤ ਹਨ ਅਤੇ ਇਸ ਨਾਲ ਜੁੜਨਾ ਚਾਹੁੰਦੇ ਹਨ।

ਖ਼ਬਰ ਪੜ੍ਹਦਿਆਂ ਹੀ ਮੈਨੂੰ ਯਾਦ ਆਇਆ 1991-92 ਦੇ ਸਾਲ ਵਿਚ ਉਹ ਮੁਬਾਰਕ ਦਿਨ ਜਿਸ ਦਿਨ ਸੰਤ ਬਾਬਾ ਸੁੱਚਾ ਸਿੰਘ ਨੇ ਚੰਡੀਗੜ੍ਹ ਸੈਕਟਰ 15 ਸੀ ਦੀ ਇਕ ਕੋਠੀ ਵਿਚ ਮੈਨੂੰ ਬੁਲਾ ਕੇ ਗੁਰਮਤਿ ਸੰਗੀਤ ਸੰਮੇਲਨ ਦੀ ਰੂਪ ਰੇਖਾ ਵਿਚਾਰੀ ਸੀ। ਭਾਵੇਂ ਉਨ੍ਹਾਂ ਤੋਂ ਵੀ ਪਹਿਲਾਂ ਚੀਫ ਖਾਲਸਾ ਦੀਵਾਨ ਵਿਚ ਗੁਰਮਤਿ ਸੰਗੀਤ ਬਾਰੇ ਵਿਚਾਰਾਂ ਹੋਈਆਂ ਸਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਨਿਰਧਾਰਤ ਰਾਗਾਂ ਵਿਚ ਕੀਰਤਨ ਦਰਬਾਰ ਕਰਵਾਉਂਦੀ ਸੀ। ਪਰ ਇੰਜ ਯੋਜਨਾਬੱਧ ਢੰਗ ਨਾਲ ਰਾਗਾਂ ਦਾ ਸਰੂਪ ਨਿਰਧਾਰਨ ਕਰਨ ਦਾ ਕਾਰਜ, ਰਾਗੀ ਜਥਿਆਂ ਨੂੰ ਰਾਗਾਂ ਦੇ ਸਰੂਪਾਂ ਤੋਂ ਜਾਣੂ ਕਰਵਾਉਣਾ, ਗੁਰਮਤਿ ਸੰਗੀਤ ਸੰਮੇਲਨ ਵਿਚ ਕੀਤੇ ਕੀਰਤਨ ਦੀ ਰਿਕਾਰਡਿੰਗ ਦੀਆਂ ਕੈਸਟਾਂ ਤਿਆਰ ਕਰਨੀਆਂ, ਉਨ੍ਹਾਂ ਦੀਆਂ ਸੁਰ ਲਿਪੀਆਂ ਤਿਆਰ ਕਰਨੀਆਂ ਇਹ ਕਾਰਜ ਸਚਮੁਚ ਅਦੁੱਤੀ ਸੀ। ਇਸ ਕਾਰਨ ਸੰਤ ਬਾਬਾ ਸੁੱਚਾ ਸਿੰਘ ਦੇ ਨਾਮ ਨਾਲ ਜੁੜ ਗਿਆ 'ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਾਲੇ'

ਇਹ ਖੁਸ਼ੀ ਭਰੀ ਤਸੱਲੀ ਵਾਲੀ ਗੱਲ ਹੈ ਕਿ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿਚ ਪ੍ਰਬੰਧਕੀ ਕਾਰਜ ਸੰਭਾਲਣ ਵਾਲੇ ਬੀਬੀ ਜਸਬੀਰ ਕੌਰ ਜੀ ਅਤੇ ਗੁਰਮਤਿ ਸੰਗੀਤ ਦੇ ਅਕਾਦਮਿਕ ਖੇਤਰ ਨੂੰ ਸੰਚਾਲਿਤ ਕਰਨ ਵਾਲੇ ਡਾ. ਗੁਰਨਾਮ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸਥਾਪਤ ਹੋਈ ਗੁਰਮਤਿ ਸੰਗੀਤ ਚੇਅਰ ਨਾਲ ਜੁੜੇ ਹਨ।

ਇਸ ਚੇਅਰ ਦੇ ਕਾਰਜ ਕਰਨ ਲਈ ਬੇਅੰਤ ਮਾਇਆ ਦੀ ਲੋੜ ਪੈਣੀ ਹੈ। ਇਸ ਲਈ ਹੋਰ ਕਾਰਜਾਂ ਵਿਚ ਸਹਾਇਤਾ ਕਰਨ ਦੇ ਨਾਲ ਨਾਲ ਅਸੀਂ ਇਸ ਪਾਸੇ ਵੀ ਧਿਆਨ ਦੇਈਏ ਕਿ ਇਸ ਪ੍ਰਾਜੈਕਟ ਨੂੰ ਮਾਇਆ ਦੀ ਤੋਟ ਨਾ ਆਵੇ। ਇਹ ਵੀ ਜ਼ਰੂਰੀ ਹੈ ਕਿ ਗੁਰਮਤਿ ਸੰਗੀਤ ਦੀ ਅਕਾਦਮਿਕ ਸਿੱਖਿਆ ਹਾਸਲ ਕਰਨ ਵਾਲੇ ਕੀਰਤਨੀਆਂ ਨੂੰ ਗੁਰਦੁਆਰਾ ਕਮੇਟੀਆਂ ਅਤੇ ਸੰਗਤਾਂ ਵਲੋਂ ਵਿਸ਼ੇਸ਼ ਹੌਸਲਾ ਅਫਜਾਈ ਕੀਤੀ ਜਾਵੇ।

ਅਸੀਂ 'ਅੰਮ੍ਰਿਤ ਕੀਰਤਨ ਟ੍ਰਸਟ' ਵਲੋਂ ਸਮੂਹ ਸੰਗਤਾਂ ਨੂੰ ਇਸ ਮਾਣ ਭਰੇ ਕਾਰਜ ਦੀ ਚੰਗੀ ਸ਼ੁਰੂਆਤ ਲਈ ਵਧਾਈ ਦਿੰਦੇ ਹਾਂ।

# ਭਾਰਤੀ ਸੰਗੀਤ ਨੂੰ ਪੰਜਾਬ ਦਾ ਯੋਗਦਾਨ

ਪ੍ਰੋ. ਲਛਮਣ ਸਿੰਘ ਸੀਨ

ਧੰਨਵਾਦ ਸਹਿਤ
'ਵਰਿਆਮ' ਪੱਤ੍ਰਿਕਾ 'ਚੋਂ

ਇਸ 28 ਜੂਨ ਤੋਂ ਪਹਿਲੀ ਜੁਲਾਈ ਤੱਕ ਯੂਨੀਵਰਸਿਟੀ ਆਫ਼ ਨਾਰਦਰਨ ਬ੍ਰਿਟਿਸ਼ ਕੋਲੰਬੀਆ ਪ੍ਰਿੰਸ ਜਾਰਜ ਕੈਨੇਡਾ ਵਿਖੇ ਹੋ ਰਹੀ ਦੂਜੀ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ; ਅੱਜ 29. 03. 2003 ਨੂੰ ਮੈਨੂੰ ਪੇਪਰ ਪੜ੍ਹਨ ਦਾ ਮੌਕਾ ਦੇਣ ਵਾਲੇ ਪ੍ਰਬੰਧਕਾਂ ਦਾ ਮੈਂ ਬਹੁਤ ਹੀ ਸ਼ੁਕਰਗੁਜ਼ਾਰ ਹਾਂ। ਮੈਨੂੰ ਖੁਸ਼ੀ ਏ ਕਿ ਮਜ਼ਮੂਨ ਵੀ ਮੇਰੇ ਮਨਭਾਉਂਦਾ ਏ- "ਭਾਰਤੀ ਸੰਗੀਤ ਨੂੰ ਪੰਜਾਬ ਦਾ ਯੋਗਦਾਨ" ਕਿਉਂਕਿ ਹੋ ਸਕਦਾ ਏ ਕੇ ਨਵੀਂ ਪੀੜ੍ਹੀ ਨੂੰ ਇਸ ਗੱਲ ਦਾ ਪਤਾ ਨਾ ਹੋਵੇ ਕਿ ਪੰਜਾਬ ਹਰ ਖੇਤਰ ਵਿੱਚ ਅੱਗੇ ਰਿਹਾ ਹੈ। ਜਿਵੇਂ ਪੰਜਾਬ ਦੀਆਂ ਪੰਜ ਨਦੀਆਂ ਨੇ ਭਾਰਤ ਦੇ ਇਕ ਬਹੁਤ ਵੱਡੇ ਭੂ-ਭਾਗ ਨੂੰ ਉਪਜਾਊ ਬਣਾਇਆ, ਉਸੇ ਤਰ੍ਹਾਂ ਪੰਜਾਬ ਦੇ ਧਾਰਮਿਕ, ਸਮਾਜਿਕ ਅਤੇ ਲੋਕ ਸੰਗੀਤ ਨੇ ਭਾਰਤੀ ਸੰਗੀਤ ਨੂੰ ਸਮ੍ਰਿਧ ਕਰਨ ਵਿਚ ਜੋ ਯੋਗਦਾਨ ਦਿੱਤਾ ਹੈ, ਉਹ ਪੂਜਣਯੋਗ ਹੈ, ਪ੍ਰਸੰਸਾਯੋਗ ਹੈ। ਅਸਲ ਵਿਚ ਸ੍ਰਿਸ਼ਟੀ ਦੀ ਰਚਨਾ ਕਰਨ ਵੇਲੇ ਪਰਮਾਤਮਾ ਨੇ ਭਾਰਤ ਨੂੰ ਅਤੇ ਭਾਰਤ ਵਿਚ ਵੀ ਪੰਜਾਬ ਨੂੰ ਇਕ ਵਿਸ਼ੇਸ਼ ਥਾਂ 'ਤੇ ਰੱਖਿਆ ਹੈ। ਇਹ ਗੱਲ ਮੈਂ ਇਸ ਕਰਕੇ ਨਹੀ ਕਹਿ ਰਿਹਾ ਹਾਂ ਕਿ ਪੰਜਾਬ ਮੇਰੀ ਜਨਮ ਭੂਮੀ ਹੈ, ਬਲਕਿ ਇਸ ਕਰਕੇ ਕਹਿ ਰਿਹਾ ਹਾਂ ਕਿ ਸਭ ਨਾਲੋਂ ਜਿਆਦਾ ਇਛਾਈਆਂ ਭਾਵ ਖੂਬੀਆਂ ਮੈਨੂੰ ਇਥੇ ਹੀ ਦਿਖਾਈ ਦਿੱਤੀਆਂ ਨੇ। ਮੈਂ ਉਸ ਪੰਜਾਬ ਦੀ ਗੱਲ ਕਰ ਰਿਹਾ ਹਾਂ ਜੋ ਕਾਬਲ, ਕੰਧਾਰ ਤੋਂ ਲੈ ਕੇ ਦਿੱਲੀ ਤੱਕ ਸੀ ਤੇ ਕਸ਼ਮੀਰ, ਹਿਮਾਚਲ, ਹਰਿਆਣਾ ਵਿਚੇ ਹੀ ਸਨ। ਕਸ਼ਮੀਰ ਨੂੰ ਭਾਰਤ ਦਾ ਸਿਰ ਅਤੇ ਪੰਜਾਬ ਨੂੰ ਭਾਰਤ ਦਾ ਸੀਨਾ ਮੰਨਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸਪੁੱਤਰ ਬਾਬਾ ਸ੍ਰੀਚੰਦ ਜੀ ਨੂੰ ਸੰਸਕ੍ਰਿਤ ਸਿੱਖਣ ਵਾਸਤੇ ਕਸ਼ਮੀਰ ਭੇਜਿਆ ਸੀ ਉਥੇ ਉਹ ਪੰਡਿਤ ਕੌਲ ਜੀ ਕੋਲੋਂ ਸੰਸਕ੍ਰਿਤ ਵਿਚ ਗਿਆਨ ਪ੍ਰਾਪਤ ਕਰਦੇ ਰਹੇ। ਪਹਾੜ ਹਿਮਾਲਿਆ, ਕੈਲਾਸ਼ ਵਗੈਰਾ, ਜਿਨ੍ਹਾਂ ਦਾ ਸੰਬੰਧ ਸਵਰਗਪੁਰੀ ਨਾਲ ਹੈ। ਦਰਿਆ-ਜੇਹਲਮ, ਝਨਾਂ (ਚੰਦ੍ਰਭਗਾ, ਚੰਦ੍ਰਲੋਕ) ਰਾਵੀ (ਸੂਰਯ ਤੋਂ) ਬਿਆਸ (ਜਿੱਥੇ ਵੇਦ ਲਿਖੇ ਗਏ) ਅਤੇ ਸਤਲੁਜ ਜਿਹੀਆਂ ਪਵਿੱਤਰ ਨਦੀਆਂ ਹਨ। ਮਨੂ ਸਮਰਿਤੀ-ਮਨੂ ਨੀਤੀ ਇਥੇ ਹੀ ਲਿਖੀ ਗਈ। ਮਨਾਲੀ ਇਸ ਦੀ ਸਾਖਸ਼ੀ ਹੈ। ਮਨੂ ਮਹਾਰਾਜ ਇਥੇ ਹੀ ਹੋਏ।

ਪੰਜਾਬ ਦੀ ਧਰਤੀ ਉਤੇ ਹੀ ਮਹਾਰਿਸ਼ੀ ਬਾਲਮੀਕਿ ਨੇ ਰਾਮਤਵ ਦੀ ਪ੍ਰਤਿਸ਼ਠਾ ਨਾਲ ਮਨੁੱਖ ਦੀ ਮਨੁਖਤਾ ਨੂੰ ਜਿਸ ਤਰ੍ਹਾਂ ਮਹਿਮਾਮਈ ਕੀਤਾ ਹੈ। ਉਹ ਧਰਤੀ ਦੇ ਕਿਸੇ ਵੀ ਸਮਾਜ ਲਈ ਦਿਸ਼ਾ ਨਿਰਦੇਸ਼ਕ ਬਣ ਸਕਦੀ ਹੈ। ਰਾਮ ਕਥਾ ਪਿਛਲੇ ਹਜ਼ਾਰਾਂ ਵਰ੍ਹਿਆਂ ਤੋਂ ਭਾਰਤ ਦੇ ਘਰ ਘਰ ਵਿਚ ਸੁਣੀ ਜਾ ਰਹੀ ਹੈ। ਇਹ ਮਹਾਨ ਗ੍ਰੰਥ ਸੰਸਕ੍ਰਿਤ ਵਿਚ ਲਿਖਿਆ ਗਿਆ।

ਇਹ ਦਾ ਸਲੋਕ ਹੈ -

*ਜਨਨੀ ਜਨਮ ਭੂਮੀਸ਼ਚ*
*ਸਵਰਗਾਦਪੀ ਗਰੀਯਸੀ।*

ਯਾਨੀ - ਮਾਂ ਅਤੇ ਧਰਤੀ ਮਾਂ ਦਾ ਦਰਜਾ ਸਵਰਗ ਤੋਂ ਵੀ ਉੱਚਾ ਹੈ। ਇਹ ਸ਼ਬਦ ਭਗਵਾਨ ਰਾਮ ਬਨਵਾਸ ਜਾਣ ਵੇਲੇ ਆਯੋਧਿਆ ਛੱਡਣ ਲੱਗਿਆ ਕਹਿੰਦੇ ਹਨ। ਇਸ ਗ੍ਰੰਥ ਵਿਚ ਸੰਗੀਤ ਦਾ ਉਲੇਖ ਕਈ ਥਾਵਾਂ 'ਤੇ ਮਿਲਦਾ ਹੈ। ਲਛਮਣ ਜੀ ਜਦੋਂ ਸੁਗਰੀਵ ਦੇ ਅੰਤ: ਪੁਰ ਵਿਚ ਪ੍ਰਵੇਸ਼ ਕਰਦੇ ਹਨ। ਉਥੇ ਉਹ ਵੀਣਾ ਵਾਦਨ ਦੇ ਨਾਲ ਸ਼ੁੱਧ ਗਾਇਨ ਸੁਣਦੇ ਹਨ। ਰਾਵਣ ਨੂੰ ਵੀ ਸੰਗੀਤ ਦਾ ਮਹਾਨ ਵਿਦਵਾਨ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਮਹਾਭਾਰਤ ਕਾਲ ਵਿਚ ਭਗਵਾਨ ਸ੍ਰੀ ਕ੍ਰਿਸ਼ਨ ਸੰਗੀਤ ਦੇ ਮਹਾਨ ਅਚਾਰੀਆ ਹੋਏ। ਅਰਜੁਨ ਵੀ ਸੰਗੀਤ ਦਾ ਮਹਾਨ ਵਿਦਵਾਨ ਸੀ। ਅਗਿਆਤਵਾਸ ਦੇ ਸਮੇ ਵਿਰਾਟ ਰਾਜਾ ਦੀ ਪੁੱਤਰੀ ਉੱਤਰਾ ਨੂੰ ਆਪਣਾ ਨਾਂ ਬ੍ਰਿਹਨੱਲਾ ਰੱਖ ਕੇ ਸੰਗੀਤ ਸਿਖਾਉਂਦਾ ਰਿਹਾ ਤੇ ਉਹ ਵਿਰਾਟ ਨਗਰੀ ਦਸੂਹਾ ਹੈ। ਇਹ ਰਾਜਾ ਵਿਰਾਟ ਦੀ ਰਾਜਧਾਨੀ ਸੀ। ਮਹਾਭਾਰਤ ਵਿਚ ਸੱਤ ਸੁਰਾਂ ਅਤੇ ਗੰਧਾਰ ਗ੍ਰਾਮ ਦਾ ਵਰਨਣ ਹੈ। ਪੰਜਾਬ ਵਿਚ ਹੀ ਸਭ ਤੋਂ ਪਹਿਲਾਂ-ਪਾਣਿਨੀ ਰਿਸ਼ੀ ਨੇ ਵੇਦਾਂ ਨੂੰ ਪੜ੍ਹਿਆ ਅਤੇ ਉਨ੍ਹਾਂ ਨੂੰ ਰਸ ਮਹਿਸੂਸ ਹੋਇਆ। ਫਿਰ ਬਾਰ ਬਾਰ ਪੜ੍ਹਨ ਤੇ ਪਤਾ ਚੱਲਿਆ ਕਿ ਇਨ੍ਹਾਂ ਵਿਚ ਲਯ ਹੈ। ਮੁੜ ਮੁੜ ਪੜ੍ਹ ਕੇ ਦੇਖਿਆ ਤਾਂ ਉਨ੍ਹਾਂ ਨੂੰ (24)

ਤਰ੍ਹਾਂ ਦੀ ਲਯ ਮਿਲੀ। ਇਹ (੨੪) ਛੰਦ ਹਨ। ਛੰਦ ਦਾ ਮਤਲਬ ਛਾਦਨ ਹੁੰਦਾ ਹੈ। ਯਾਨੀ ਕਾਵਿ ਸ਼ਬਦਾਂ ਉਤੇ ਇਕ ਖ਼ੂਬਸੂਰਤ ਪਰਦਾ, ਜਿਹੜਾ ਕੇ ਸੰਸਾਰ ਦੇ ਸਾਰੇ ਕਾਵਿ ਸਾਹਿਤ ਵਿੱਚ ਇੰਝ ਵਿਆਪਤ ਹੈ ਜਿਵੇਂ ਤਿਰਲੋਕੀ ਵਿੱਚ ਵਿਸ਼ਣੂ। ਠੀਕ ਇਸੇ ਤਰ੍ਹਾਂ ਦੇ ਸੰਗੀਤ ਵਿੱਚ ਤਾਲ ਹੈ। ਕਾਲ ਛੰਦਾਂ ਦਾ ਹੀ ਕ੍ਰਿਆਤਮਕ ਭਾਵ ਪ੍ਰੈਕਟੀਕਲ ਰੂਪ ਹੈ। ਜਿਹੜਾ ਕਿ ਪੰਜਾਬ ਖ਼ਾਜ ਵਿੱਚ ਸਾਫ ਝਲਕਦਾ ਹੈ।

ਪਾਣਿਨੀ ਰਿਸ਼ੀ ਨੇ ਹੀ ਸੰਸਕ੍ਰਿਤ ਦੇ ਵਿਆਕਰਣ ਲਈ (੧੪) ਸਮੂਹਾਂ ਭਾਵ ਗਰੁੱਪਾਂ ਵਿਚ ਸਾਰੀ ਵਰਣਮਾਲਾ ਨੂੰ ਵੰਡਿਆ, ਜਿਨ੍ਹਾਂ ਨੂੰ (੧੪) ਸੂਤਰ ਕਿਹਾ ਜਾਂਦਾ ਹੈ। ਖਾਸ ਗੱਲ ਇਹ ਹੈ ਕਿ ਰਿਸ਼ੀ ਲਿਖਦੇ ਹਨ (੧੪) ਆਵਾਜਾਂ ਉਨ੍ਹਾਂ ਨੂੰ ਸ਼ਿਵ ਜੀ ਦੇ ਡਮਰੂ ਵਜਾਉਣ ਤੇ ਮਿਲੀਆਂ ਜਿਨ੍ਹਾਂ ਤੋਂ ਉਨ੍ਹਾਂ ਨੇ (੧੪) ਸੂਤਰ ਬਣਾਏ :-

*ਨ੍ਰਿਤਾ ਵਸਾਨੇ ਨਟ ਰਾਜ ਰਾਜੋ,*
*ਨਨਾਦ ਡਕਵਾਮ ਨਵ ਪੰਚ ਵਾਰਮ।*
*ਉੱਧਰਿਤ ਕਾਮੋ ਸਨਕਾਦਿ ਸਿੱਧਾਨੇਤਭੁ,*
*ਵਿਮਰਸ਼ੇ ਸ਼ਿਵ ਸੂਤ੍ਰ ਜਾਲਮ।*

ਇਸ ਤਰ੍ਹਾਂ ਉਨ੍ਹਾਂ ਦੇ ਤਾਲ ਵਾਦਯਾਂ ਦਾ ਇਕ ਵਿਸ਼ੇਸ਼ ਮਹੱਤਵ ਦੱਸਿਆ। ਤਾਲ ਸ਼ਬਦ ਦੀ ਵਯੁਤਪੱਤੀ ਬਾਰੇ ਉਹ ਲਿਖਦੇ ਹਨ:-

*ਤਾਲਸਯ ਤਲ ਪ੍ਰਤਿਸ਼ਠਾਯਾਮਿਤੀ ਧਾਤੋਰਘਝੰ ਸਮ੍ਰਿਤਾ।*
*ਗੀਤੰ ਵਾਦਯੰ ਨ੍ਰਿਤਯੰਚ ਯਤਸਤਾਲੇ ਪ੍ਰਤਿਸ਼ਠਤਮ॥*

ਭਾਵ – ਤਾਲ ਸ਼ਬਦ ਤਲ ਧਾਤੂ ਤੋਂ ਬਣਿਆ ਹੈ ਜਿਸਦਾ ਅਰਥ ਆਧਾਰ ਹੈ। ਇਸ ਨੂੰ (ਤਲ ਨੂੰ) ਘਞੰ ਪ੍ਰਤਯਯ ਲੱਗਣ ਨਾਲ ਇਹ ਦੀਰਘ ਹੋ ਜਾਂਦਾ ਹੈ। ਯਾਨੀ ਤਲ ਤੋਂ ਤਾਲ ਹੋ ਜਾਂਦਾ ਹੈ। ਗਾਉਣ, ਬਜਾਉਣ ਅਤੇ ਨ੍ਰਿਤ ਦਾ ਆਧਾਰ ਤਾਲ ਹੀ ਹੈ।

ਇਸ ਤਰ੍ਹਾਂ ਪੰਜਾਬ – 'ਸਾਹਿਤ, ਸੰਗੀਤ ਅਤੇ ਕਲਾ ਦੀ ਇਕ ਤਪੋ-ਭੂਮੀ ਹੈ। ਗੁਰੂ ਅਰਜੁਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੀ ਏਸੇ ਪੰਚ ਨਦ ਪ੍ਰਦੇਸ਼ ਉੱਪਰ ਕੀਤੀ। ਸੰਗੀਤ ਦਾ ਮਹੱਤਵ ਏਥੋਂ ਵੀ ਵੇਖਿਆ ਜਾ ਸਕਦਾ ਹੈ ਕਿ ਭਗਵਾਨ ਵਿਸ਼ਣੂ "ਭਗਤਰਸਾਮ੍ਰਤ" ਵਿਚ ਨਾਰਦ ਜੀ ਨੂੰ ਕਹਿ ਰਹੇ ਹਨ:-

*ਨਾਹਮੁ ਵਸਾਮਿ ਵੈਕੁੰਠੇ ਯੋਗੀਨਾਂ ਹਰਿਦਯਨਚ।*
*ਮਦਭਕਤਾ: ਯਤ੍ਰਗਾਯੰਤੀ ਤਤ੍ਰ ਤਿਸ਼ਠਾਮੀ ਨਾਰਦ॥*

ਭਾਵ – "ਹੇ ਨਾਰਦ! ਮੈਂ ਵੈਕੁੰਠ ਵਿਚ ਨਹੀਂ ਰਹਿੰਦਾ ਨਾ ਹੀ ਮੈਂ ਯੋਗੀਆਂ ਦੇ ਹਿਰਦੇ ਵਿਚ। ਮੈਂ ਉਥੇ ਵਾਸ ਕਰਦਾ ਹਾਂ ਜਿੱਥੇ ਮੇਰੇ ਭਗਤ ਗਾ ਰਹੇ ਹੋਣ।" ਏਥੋਂ ਲੱਗਦਾ ਹੈ ਕਿ ਈਸ਼ਵਰ ਪ੍ਰਾਪਤੀ ਦਾ ਉੱਤਮ ਅਤੇ ਸਰਲ ਸਾਧਨ ਸੰਗੀਤ ਹੀ ਹੈ। ਉਦਾਸੀਆਂ ਸਮੇਂ ਬਾਰ ਬਾਰ ਪੜ੍ਹਨ ਨੂੰ ਮਿਲਦਾ ਹੈ। ਗੁਰੂ ਸਾਹਿਬ ਫਰਮਾਉਂਦੇ ਹਨ :- "ਮਰਦਾਨਿਆ! ਛੇੜ ਰਬਾਬ ਬਾਣੀ ਆਈ ਹੈ।" ਮਰਦਾਨੇ ਦੀਆਂ ਉਂਗਲੀਆਂ ਤਾਰਾਂ ਉੱਤੇ ਫਿਰਦੀਆਂ, ਫਿਜ਼ਾ, ਵਿਚ ਰਸਭਿੰਨਾ ਅਨਹਦ ਨਾਦ ਗੂੰਜਦਾ ਤੇ ਸਤਿਗੁਰ ਨਾਨਕ ਦੇਵ ਬਾਣੀ ਦਾ ਉਚਾਰਣ ਕਰਦੇ ਗਾਉਂਦੇ। ਜੰਗਲ ਵਿਚ ਮੰਗਲ ਲੱਗ ਜਾਂਦਾ। ਪਸ਼ੂ ਪੰਛੀ ਵੀ ਕੀਲੇ ਜਾਂਦੇ ਤੇ ਆ ਕੇ ਪਾਸ ਬੈਠ ਜਾਂਦੇ। ਗੁਰੂ ਸਾਹਿਬਾਨ ਅਕਸਰ ਫਰਮਾਇਆ ਕਰਦੇ ਕਿ ਹਰ ਪੰਜਾਬੀ ਬੱਚੇ ਵਿਚੋਂ ਸੰਗੀਤ ਦੀ ਖ਼ੁਸ਼ਬੂ ਆਉਣੀ ਹੀ ਚਾਹੀਦੀ ਹੈ। ਇਸ ਹੁਕਮ ਨੂੰ ਅਮਲੀ ਰੂਪ ਦੇਣ ਵਾਸਤੇ ਸਾਡੇ ਪੰਜਾਬ ਨੇ ਵੱਧ ਤੋਂ ਵੱਧ ਯਤਨ ਕੀਤੇ ਤੇ ਸਾਰੇ ਘਰਾਣਿਆਂ ਨੇ ਆਪਣਾ ਆਪਣਾ ਯੋਗਦਾਨ ਪਾ ਕੇ ਸੰਗੀਤ ਨੂੰ ਬਹੁਰੰਗੀ ਬਣਾ ਦਿੱਤਾ। ਗੁਰੂਆਂ, ਪੀਰਾਂ ਤੇ ਰਿਸ਼ੀਆਂ ਦੇ ਮਤ ਅਨੁਸਾਰ ਅਕਾਲ ਪੁਰਖ ਦਾ ਹੁਕਮ ਸਮਝਣ ਵਾਸਤੇ ਸੰਗੀਤ ਇਕ ਉਤਮ ਮਾਧਿਅਮ ਹੈ। ਜਿਵੇਂ:-

*ਰਾਗ ਨਾਦ ਸਭ ਸਚ ਹੈ ਕੀਮਤ ਕਹੀ ਨਾ ਜਾਈ।*
*ਰਾਗੈ ਨਾਦੈ ਬਾਹਰਾ ਏਨੀ ਹੁਕਮੁ ਨ ਬੂਝਿਆ ਜਾਈ॥*

ਭਰਤਰੀ ਹਰੀ ਵੀ ਸਾਹਿਤ ਸੰਗੀਤ ਬਾਰੇ ਕਹਿੰਦੇ ਹਨ:-

*ਸਾਹਿਤ ਸੰਗੀਤ ਕਲਾ ਵਿਹੀਨਾ*
*ਸਾਖਸ਼ਾਤ ਪਛੂ ਪੁੱਛ ਵਿਛਾਨ ਹੀਨਾ।*
*ਤ੍ਰਿਣੰ ਖਾਦੰ ਨ ਪੀ ਜੀਵਮਾਨੂੰ*
*ਤਦ ਭਾਗ ਧਏਯਮ ਧਰਮੰ ਪਸੁਨਾਮ॥*

ਭਾਵ – ਸਹਿਤ ਸੰਗੀਤ ਕਲਾਵਾਂ ਤੋਂ ਬਿਨਾਂ ਪ੍ਰਾਣੀ ਸਾਖਸ਼ਾਤ ਪਸ਼ੂ ਹੈ ਜਿਹਦੇ ਸਿੰਗ ਅਤੇ ਪੂਛ ਨਹੀਂ ਹਨ ਘਾਹ ਨਹੀਂ ਖਾਂਦਾ ਅੰਨ ਖਾ ਕੇ ਜਿਉਂਦਾ ਹੈ। ਇਹ ਪਸ਼ੂਆਂ ਵਾਸਤੇ ਨਿਹਾਯਤ ਹੀ ਬੜੇ ਭਾਗਾਂ ਦੀ ਗੱਲ ਹੈ ਨਹੀਂ ਤਾਂ ਉਹਨਾਂ ਦਾ ਹਿੱਸਾ ਵੀ ਖਾ ਜਾਂਦਾ।

ਘਰ – ਗੁਰੂ ਗ੍ਰੰਥ ਸਾਹਿਬ ਦੀ ਰਚਨਾ ਸਾਰੀ ਰਾਗਾਂ ਵਿਚ ਹੋਈ ਹੈ। ਰਾਗ ਨੂੰ ਸ਼ੁਰੂ ਕਰਨ ਵਾਸਤੇ ਜਿਹੜਾ ਸੁਰ ਨਿਸਚਿਤ ਹੁੰਦਾ ਸੀ ਉਹ ਨੂੰ ਗ੍ਰਹਿ ਸੁਰ ਕਿਹਾ ਜਾਂਦਾ ਸੀ। ਬਾਕੀ ਸੁਰਾਂ ਵਿਚੋ ਕੋਈ ਅੰਸ਼ ਕੋਈ ਨਿਆਸ ਅਤੇ ਕੋਈ ਵਿਨਯਾਸ ਆਦਿ ਹੁੰਦੇ ਸਨ। ਯਾਨੀ ਗ੍ਰਹਿ, ਅੰਸ਼, ਨਿਆਸ, ਵਿਨਯਾਸ, ਸਨਿਆਸ ਅਤੇ ਅਪਨਿਆਸ ਆਦਿ ਸੁਰ ਨਿਸਚਿਤ ਹੁੰਦੇ ਸਨ। ਗ੍ਰੰਥ ਸਾਹਿਬ ਵਿਚ 'ਘਰੁ' ਇਸੇ ਗ੍ਰਹਿ ਸੁਰ ਦਾ ਅਨੁਵਾਦ ਹੈ। ਇਕ ਸਪਤਕ ਵਿਚ ਸ਼ੁੱਧ

ਅਤੇ ਵਿਕਰਿਤ ਮਿਲਾ ਕੇ ਕੁਲ ਬਾਰਾਂ (੧੨) ਸੁਰ ਹੁੰਦੇ ਹਨ ਤੇ ਪੰਜ ਸੁਰ – (ਸਂ ਰੇਂ, ਰੇਂ ਗੁਂ ਗਂ) ਤਾਰ ਸਪਤਕ ਦੇ ਮਿਲ ਕੇ ਕੁਲ ੧੭ ਸੁਰ ਬਣ ਜਾਂਦੇ ਹਨ। ਇਨ੍ਹਾਂ ਵਿਚੋਂ ਜਿਹੜੇ ਸੁਰ ਤੋਂ ਰਾਗ ਸ਼ੁਰੂ ਕਰਨਾ ਉਹਦੀ ਸੰਖਿਆ ਲਿਖ ਦਿੱਤੀ ਗਈ ਹੈ। ਜਿਵੇਂ – 'ਘਰ' ਪਹਿਲਾ ਯਾਨੀ 'ਸ', ਘਰੁ-ਸਤਾਰ੍ਹਵਾਂ ਯਾਨੀ ਤਾਰ ਸਪਤਕ ਦਾ 'ਗਾਂ'। ਸੋਹਣੀ ਵਰਗੇ ਰਾਗ ਤਾਰ ਸਪਤਕ ਦੇ 'ਗ' ਤੋਂ ਹੀ ਸ਼ੁਰੂ ਹੁੰਦੇ ਸਨ। ਅੱਜਕਲ ਸਾਰੇ ਹੀ ਰਾਗ ਮਧ ਸਪਤਕ ਦੇ 'ਸ' ਤੋਂ ਹੀ ਸ਼ੁਰੂ ਕਰਨ ਦਾ ਰਿਵਾਜ ਹੈ। ਇਸ ਕਰਕੇ ਘਰੁ ਦਾ ਰਿਵਾਜ ਨਹੀਂ। ਅੰਸ਼ ਵਾਦੀ ਸੁਰ ਨੂੰ ਕਿਹਾ ਜਾਂਦਾ ਹੈ।

ਮਹਿਲਾ – ਮਹਿਲਾ ਦਾ ਮਤਲਬ ਇਸਤਰੀ ਹੈ। ਗੁਰੂ ਤੱਤਵ ਗਿਆਨੀ ਹੋਣ ਕਰਕੇ ਹਰ ਜੀਵਾਤਮਾ (ਪ੍ਰਾਣੀ) ਨੂੰ ਮਹਿਲਾ ਕਹਿੰਦੇ ਹਨ। ਪੁਰਸ਼ ਕੇਵਲ ਇਕੋ ਅਕਾਲ ਪੁਰਖ ਹੀ ਹੈ। ਗੁਰੂ ਗ੍ਰੰਥ ਸਾਹਿਬ ਦੇ ਹਰ ਸ਼ਬਦ ਦੇ ਅੰਤ ਵਿਚ ਗੁਰੂ ਨਾਨਕ ਦੇਵ ਜੀ ਦਾ ਨਾਂ ਹੈ। ਇਹ ਕਿਵੇਂ ਪਤਾ ਚਲੇ ਕਿ ਕਿਹਦੀ ਰਚਨਾ ਹੈ। ਇਸ ਕਰਕੇ ਸ਼ਬਦ ਦੇ ਉੱਪਰ ਰਚਨਾਕਾਰ ਦੀ ਸੰਖਿਆ (ਗਿਣਤੀ) ਲਿਖ ਦਿੱਤੀ ਗਈ ਏ। ਜਿਵੇਂ ਮਹਿਲਾ ਪਹਿਲਾ= ਗੁਰੂ ਨਾਨਕ ਦੇਵ ਜੀ, ਮਹਿਲਾ ਦੂਜਾ= ਗੁਰੂ ਅੰਦਰ ਦੇਵ ਜੀ, ਮਹਿਲਾ ਤੀਜਾ= ਗੁਰੂ ਅਮਰਦਾਸ ਜੀ, ਮਹਿਲਾ ਚੌਥਾ= ਗੁਰੂ ਰਾਮਦਾਸ ਜੀ, ਮਹਿਲਾ ਪੰਜਵਾਂ= ਗੁਰੂ ਅਰਜੁਨ ਦੇਵ ਜੀ ਤੇ ਮਹਿਲਾ ਨੌਵਾਂ= ਗੁਰੂ ਤੇਗ ਬਹਾਦਰ ਜੀ ਦੁਆਰਾ ਰਚੇ ਸ਼ਬਦ ਹਨ। ਛੇਵਾਂ, ਸੱਤਵਾਂ, ਅੱਠਵਾਂ ਅਤੇ ਦੱਸਵਾਂ, ਗ੍ਰੰਥ ਸਾਹਿਬ ਵਿਚ ਨਹੀਂ ਹਨ। ਕਿਉਂਕਿ ਇਹਨਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਨਹੀ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਅਲੱਗ ਦਸਮ ਗ੍ਰੰਥ ਜਾਂ ਬਚਿੱਤਰ ਨਾਟਕ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦ 'ਮਹਿਲਾ' ਤੇ 'ਘਰੁ' ਦਾ ਭਾਵ ਉੱਪਰ ਦੱਸੇ ਮੁਤਾਬਕ ਸਮਝਣਾ ਚਾਹੀਦਾ ਹੈ।

(ਮਹੱਲਾ ਸ਼ਬਦ ਨੂੰ 'ਮਹਿਲਾ' ਉਚਾਰਣ ਵਾਲਾ ਇਕ ਪੱਖ ਹੈ। ਦੂਸਰਾ ਪੱਖ ਉਚਾਰਨ ਮਹੱਲਾ ਸਿੱਧ ਕਰਦਾ ਹੈ। ਸਵ. ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ ਮਹੱਲਾ ਸ਼ਬਦ ਅਰਬੀ ਮੂਲਕ ਹੈ। ਇਹ ਹਲੂਲ ਸ਼ਬਦ ਤੋਂ ਬਣਿਆ ਹੈ। ਜਿਸਦੇ ਅਰਥ ਹਨ, ਉਤਰਨਾ, ਅਵਤਾਰ ਲੈਣਾ ਜਾਂ ਕਿਸੇ ਇਕ ਰੂਹ ਅਥਵਾ ਵਿਅਕਤੀ ਦਾ ਕਿਸੇ ਦੂਜੀ ਰੂਹ ਅਥਵਾ ਸ਼ਖਸੀਅਤ ਵਿਚ ਹਲੂਲ ਕੇ ਇਕਮਿਕ ਹੋਣਾ। ਇਸ ਦਾ ਭਾਵ ਗੁਰੂ ਅਵਤਾਰ ਸਿੱਧ ਹੁੰਦਾ ਹੈ।

ਆਸਾ ਦੀ ਵਾਰ ਦੇ ਸ਼ੁਰੂ ਵਿਚ ਮਹੱਲਾ ਹੀ ਲਿਖਿਆ ਹੈ ਅਤੇ ਭਟਾਂ ਦੇ ਸਵਈਆਂ ਵਿਚ ਵੀ ਬਾਰ ਬਾਰ ਮਹਲਾ ਸ਼ਬਦ ਹੀ ਵਰਤਿਆ ਹੈ – ਸੰਪਾਦਕ)

*ਸੀਤਾ ਬਨਵਾਸ* - ਸੀਤਾ ਜੀ ਦਾ ਬਨਵਾਸ ਸਮਾਂ ਪੰਜਾਬ ਵਿਚ ਕੱਟਿਆ ਭਾਵ ਬਤੀਤ ਹੋਇਆ। ਉਹੋ ਜਗਾਹ ਹੈ – ਰਾਮਤੀਰਥ। ਵਾਲਮੀਕੀ ਆਸ਼ਰਮ ਅੰਮ੍ਰਿਤਸਰ ਦੇ ਕੋਲ। ਏਥੇ ਹੀ ਲਵ-ਕੁਸ਼ ਦਾ ਜਨਮ ਹੋਇਆ। ਲਵ ਸੀਤਾ ਜੀ ਦੇ ਗਰਭ ਚੋਂ ਪੈਦਾ ਹੋਇਆ ਤੇ ਕੁਸ਼ ਨੂੰ ਵਾਲਮੀਕੀ ਜੀ ਨੇ ਕੁਸ਼ਾ (ਇਕ ਕਿਸਮ ਦਾ ਘਾਹ) ਤੋਂ ਆਪਣੀ ਤਪੋ ਸ਼ਕਤੀ ਨਾਲ ਰਚਿਆ। ਇਨ੍ਹਾਂ ਦੋਹਾਂ ਬਾਲਕਾਂ ਨੂੰ ਰਿਸ਼ੀ ਨੇ ਅਧਿਆਤਮਕ, ਸ਼ਸ਼ਤਰ ਵਿੱਦਿਆ ਅਤੇ ਸੰਗੀਤ (ਗਾਇਨ-ਵਾਦਨ) ਕਲਾ ਵਿਚ ਸਿੱਖਿਆ ਦੇ ਕੇ ਪ੍ਰਬੀਣ ਭਾਵ ਨਿਪੁੰਨ ਕੀਤਾ। ਬਾਅਦ ਵਿਚ ਰਾਮ ਚੰਦਰ ਜੀ ਨਾਲ ਇਨ੍ਹਾਂ ਦਾ ਯੁੱਧ ਵੀ ਹੋਇਆ ਤੇ ਰਾਮ ਚੰਦਰ ਜੀ ਸਾਰੀ ਸੈਨਾ ਸਮੇਤ ਹਾਰ ਗਏ। ਸੀਤਾ ਜੀ ਨੇ ਵੇਖਿਆ – ਰਾਮ ਸੈਨਾ ਸਮੇਤ ਮੂਰਛਿਤ ਹੋਏ ਪਏ ਹਨ। ਤੇ ਉਨ੍ਹਾਂ ਨੇ ਸਵਰਗ ਤੋਂ ਅੰਮ੍ਰਿਤ ਮੰਗਵਾ ਕੇ ਸਾਰਿਆਂ ਤੇ ਛਿੜਕਿਆ ਤੇ ਹੋਸ਼ ਵਿਚ ਲੈ ਆਂਦਾ ਨਾਲ ਬੱਚਿਆਂ ਨੂੰ ਦੱਸਿਆ ਕਿ ਰਾਮ ਹੀ ਉਨ੍ਹਾਂ ਦੇ ਪਿਤਾ ਹਨ। ਬਾਕੀ ਅੰਮ੍ਰਿਤ ਜੋ ਬਚਿਆ ਉਹ ਉਥੇ ਝਾੜੀਆਂ ਵਿਚ ਲੁਕੋ ਦਿੱਤਾ। ਕਈ ਯੁਗਾਂ ਬਾਅਦ ਪਤਾ ਲੱਗਿਆ ਕਿ ਇਹ ਅੰਮ੍ਰਿਤਸਰ ਸਾਹਿਬ ਉਹੋ ਹੀ ਪਵਿੱਤਰ ਸਥਾਨ ਹੈ। ਏਥੋਂ ਪੰਜਾਬ ਦੇ ਮਹੱਤਵ ਦਾ ਅਨੁਮਾਨ ਲਾਇਆ ਜਾ ਸਕਦਾ ਹੈ। ਏਸੇ ਤਰ੍ਹਾਂ ਤਕਸ਼ਿਲਾ ਜਿਥੇ ਆਚਾਰਯ ਚਾਣਕਯ ਸਨ ਤੇ ਜਿਥੇ ਸਿਕੰਦਰੇ-ਆਜ਼ਮ ਵੀ ਪੜ੍ਹਦਾ ਰਿਹਾ ਏ ਅਤੇ ਪੰਜਾ ਸਾਹਿਬ ਜਿਹੇ ਸਥਾਨ ਪੰਜਾਬ ਦੀ ਵਿਸ਼ੇਸ਼ਤਾ ਦੱਸ ਰਹੇ ਹਨ।

ਬਹਿਣੀ ਸਾਹਿਬ (ਭੈਣੀ ਸਾਹਿਬ) ਵੀ ਪੰਜਾਬ ਵਿਚ ਹੀ ਹੈ ਜਿਥੋਂ ਦੇਸ਼ ਭਗਤੀ ਦੀ ਲਹਿਰ ਚੱਲੀ ਤੇ ਨਾਲੇ ਧਾਰਮਿਕ, ਸਮਾਜਿਕ ਦੇ ਨਾਲ ਨਾਲ ਸੰਗੀਤ ਦੀ ਪ੍ਰੇਰਣਾ ਮਿਲ ਰਹੀ ਹੈ। ਆਨੰਦਪੁਰ ਸਾਹਿਬ ਤੇ ਸੁਲਤਾਨਪੁਰ ਵਰਗੇ ਪਵਿੱਤਰ ਸਥਾਨ ਸਾਡੇ ਪੰਜਾਬ ਦੇ ਦਿਸ਼ਾ ਨਿਰਦੇਸ਼ਕ ਬਣੇ ਹੋਏ ਹਨ। ਸੰਗੀਤ ਬਾਰੇ ਇਕ ਬਹੁਤ ਪੁਰਾਣੀ ਕਹਾਵਤ ਮਸ਼ਹੂਰ ਹੈ ਕਿ "ਸੰਗੀਤ ਮਹਾਂਰਾਸ਼ਟਰ ਵਿਚ ਹੋਸ਼ ਸੰਭਾਲਦਾ ਹੈ, ਯੂ. ਪੀ. ਵਿਚ ਖੇਡਦਾ ਕੁੱਦਦਾ ਹੈ ਤੇ ਪੰਜਾਬ ਵਿਚ ਜਵਾਨ ਹੁੰਦਾ ਹੈ, ਏਥੋਂ ਦੀ ਪ੍ਰਤਿਭਾ ਦੇਖ ਕੇ ਹੀ ਪੰਡਿਤ ਵਿਸ਼ਣੂ ਦਿਗੰਬਰ ਨੇ ੧੯੦੧ ਵਿਚ ਰਾਵੀ ਰੋਡ ਲਾਹੌਰ 'ਚ ਗੰਧਰਵ ਮਹਾਂਵਿਦਿਆਲਾ ਦੀ ਸਥਾਪਨਾ ਕੀਤੀ ਸੀ। ਪੰਜਾਬ ਵਿਚ ਹੋਣ ਵਾਲੇ ਸੰਗੀਤ ਸੰਮੇਲਨ ਅਭਿਆਸ ਦਾ ਕੇਂਦਰ ਬਣੇ ਸਨ। ਹਰਿਵੱਲਭ ਸੰਗੀਤ ਸੰਮੇਲਨ ਜਲੰਧਰ,

ਪਠਾਨਕੋਟ, ਦੀਨਾ ਨਗਰ, ਨਵਾਂ ਸ਼ਹਿਰ, ਗੜ੍ਹਦੀਵਾਲਾ ਹੁਸ਼ਿਆਰਪੁਰ ਅਤੇ ਲਾਹੌਰ ਵਗੈਰਾ ਵਿਚ ਸੰਗੀਤ ਦੇ ਮੁਕਾਬਲਿਆਂ ਦੇ ਰੂਪ ਵਿਚ ਅਭਿਆਸ ਹੁੰਦੇ ਹਨ। ਬੜੇ ਬੜੇ ਸੰਗੀਤਕਾਰ ਇਕ ਦੂਜੇ ਤੋਂ ਵੱਧ ਚੜ੍ਹ ਕੇ ਅਭਿਆਸ (ਰਿਆਜ਼) ਕਰ ਕਰ ਕੇ ਹਿੱਸਾ ਲੈਂਦੇ ਹਨ।"

ਬੜੇ ਗੁਲਾਮ ਅਲੀ, ਛੋਟੇ ਗੁਲਾਮ ਅਲੀ, ਉਮੀਦ ਅਲੀ, ਹਬੀਬ ਖਾਂ, ਆਸ਼ਿਕ ਅਲੀ, ਪਟਿਆਲੇ ਵਿਚ ਅਲੀ ਬਖਸ਼ ਫਤਹਿ ਅਲੀ ਉਰਫ ਅਲੀਆ ਫੱਤੂ, ਅਮਾਨਤ ਅਲੀ-ਫਤਹਿ ਅਲੀ, ਜਾਡਲੇ ਵਾਲੇ ਤਵੱਕਲ ਖਾਂ, ਮਾਸਟਰ ਰਤਨ ਹਦੀਆਬਾਦੀ, ਪੰਡਿਤ ਦਲੀਪ ਚੰਦਰ ਬੇਦੀ, ਮਾਸਟਰ ਮਦਨ, ਮਦਨ ਬਾਲੀ, ਪੰਡਿਤ ਹੁਸਨ ਲਾਲ-ਭਗਤ ਰਾਮ, ਬਾਬੂ ਰਾਮ, ਸਤਪਾਲ ਅੱਪਰੇ ਵਾਲੇ, ਨਜ਼ਾਕਤ ਅਲੀ-ਸਲਾਮਤ ਅਲੀ, ਭਾਈ ਦਾਸ, ਭਾਈ ਲਾਲ, ਭਾਈ ਗਾਹੋਂ, ਉਸਤਾਦ ਮਲੰਗ ਖਾਂ, ਲਾਹੌਰ ਤੋਂ ਮੀਆਂ ਫਕੀਰ ਬਖਸ਼, ਮੀਆਂ ਕਾਦਿਰ ਬਖਸ਼ (ਸਵਾ ਲੱਖ ਉਖੱਲੀ ਵਾਲੇ) ਭਾਈ ਨਸੀਰਾ, ਅਬਦੁੱਲ ਹੱਕ, ਸ਼ੌਕਤ ਖਾਂ, ਅੱਖਾ ਰੱਖਾ ਕੁਰੇਸ਼ੀ, ਅਬਦੁੱਲ ਅਜ਼ੀਜ਼ ਪਟਿਆਲੇ ਵਾਲੇ ਜਿਨ੍ਹਾਂ ਨੇ ਵਚਿੱਤਰ ਵੀਣਾ ਦੀ ਕਾਢ - ਤੰਬੂਰੇ ਤੋਂ ਕੀਤੀ, ਕਰਮ ਇਲਾਹੀ, ਬਹਾਦੁਰ ਸਿੰਘ, ਅੱਲਾ ਦਿੱਤਾ ਬਿਹਾਰੀ ਪੁਰੀਆ, ਉਸਤਾਦ ਮਾਮਦੀਨ, ਫਤਹਿ ਡੂੱਲ, ਨਾਥ ਬਟਾਲੇ ਵਾਲਿਆਂ ਦੀਆਂ ਲਾਸਾਨੀ ਬੰਦਸ਼ਾਂ ਅਤੇ ਹੋਰ ਬੜੇ ਬੜੇ ਉਸਤਾਦਾਂ - ਪੰਡਿਤਾਂ ਨਾਲ ਪੰਜਾਬ ਸੰਗੀਤ ਦੀ ਤਪੋਭੂਮੀ ਮਸ਼ਹੂਰ ਰਹੀ ਹੈ। ਸੰਤੂਰ ਜੋ ਕਿ ਇਕ ਕਸ਼ਮੀਰੀ ਲੋਕ ਸਾਜ਼ ਹੈ ਨੂੰ ਭਾਰਤੀ ਸ਼ਾਸਤਰੀ ਸੰਗੀਤ ਵਿੱਚ ਲਿਆਉਣ ਵਾਲਾ ਵੀ ਪੰਜਾਬ ਹੀ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਫਿਲਮੀ ਸੰਗੀਤ ਵਿਚ ਪੰਜਾਬੀਆਂ ਨੇ ਜਾਨ ਪਾਈ ਹੋਈ ਹੈ। ਜਿਵੇਂ ਮਦਨ ਮੋਹਨ, ਪੰਡਿਤ ਹੁਸਨ ਲਾਲ ਭਗਤ ਰਾਮ। ਮਦਨ ਮੋਹਨ ਦੇ ਮਿਊਜ਼ਿਕ ਬਾਰੇ ਸੰਗੀਤਕਾਰ ਨੌਸ਼ਾਦ ਦਾ ਇਹ ਕਹਿਣਾ ਸੀ ਕਿ "ਉਏ ਮਦਨ ਮੈਨੂੰ ਇਕ ਧੁਨ ਆਪਣੀ ਦੇ ਦੇ ਤੇ ਬਦਲੇ ਵਿਚ ਮੇਰੀਆਂ ਸਾਰੀਆਂ ਧੁਨਾਂ ਲੈ ਲੈ। ਇਹ ਹੈ ਪੰਜਾਬ ਦੀ ਵਿਸ਼ੇਸ਼ਤਾ। ਇਸ ਤੋਂ ਇਲਾਵਾ ਪੰਜਾਬ ਦੀ ਦੇਣ ਕੇ. ਐਲ. ਸਹਿਗਲ, ਮੁਹੰਮਦ ਰਫੀ ਅਤੇ ਨੂਰਜਹਾਂ ਨੂੰ ਕੌਣ ਨਹੀਂ ਜਾਣਦਾ।

ਪੰਜਾਬ ਦੀ ਭਾਰਤੀ ਸੰਗੀਤ ਨੂੰ ਦੇਣ ਏਥੋਂ ਹੋਰ ਵੀ ਸਪੱਸ਼ਟ ਹੈ ਕਿ ਮੀਆਂ ਤਾਨਸੇਨ ਲਾਹੌਰ ਦੇ ਤੇ ਬੈਜੂਬਾਵਰਾ ਬਜਵਾੜਾ (ਹੁਸ਼ਿਆਰਪੁਰ) ਦੇ ਸਨ। ਇਨ੍ਹਾਂ ਦੋਹਾਂ ਦੇ ਉਸਤਾਦ ਸੁਆਮੀ ਹਰੀਦਾਸ ਮੁਲਤਾਨ ਦੇ ਰਹਿਣ ਵਾਲੇ ਸਨ। ਇਨ੍ਹਾਂ ਤੋਂ ਇਲਾਵਾ ਅਦਾਰੰਗ-ਸਦਾਰੰਗ, ਮੀਆਂ ਸ਼ੋਰੀ, ਸਿੱਧਾਰ ਖਾਂ ਢਾਡੀ ਜਿਨ੍ਹਾਂ ਦਾ ਨਾਂ ਤੇ ਸਿੱਧਾਰ ਖਾਨੀ ਠੇਕਾ ਪ੍ਰਸਿੱਧ ਹੈ, ਇਹ ਤਿੰਨ ਤਾਲ ਹੀ ਹੈ। ਇਹ ਉਪਰ ਲਿਖਿਤ ਸਭ ਸੰਗੀਤਕਾਰ ਪੰਜਾਬ ਦੇ ਹਨ। ਦਿੱਲੀ ਦੇਸ਼ ਦੀ ਰਾਜਧਾਨੀ ਹੋਣ ਕਰਕੇ ਦਿੱਲੀ ਦਰਬਾਰ ਵਿੱਚ ਨਿਯੁਕਤ ਹੁੰਦੇ ਸਨ ਅਤੇ ਬਾਕੀ ਭਾਰਤ ਵਾਸੀਆਂ ਨੂੰ ਤਾਲੀਮ ਵੀ ਦਿੰਦੇ ਸਨ। ਕਈਆਂ ਨੇ ਇਹਨਾਂ ਦੀਆਂ ਨਕਲਾਂ ਕਰਕੇ ਵੀ ਸੰਗੀਤ ਸਿੱਖਿਆ। ਇਸ ਤਰ੍ਹਾਂ ਪੰਜਾਬ ਦੇ ਭਾਰਤੀ ਸੰਗੀਤ ਨੂੰ ਬਹੁਤ ਵੱਡੀ ਦੇਣ ਹੈ। ਦੁਆਬੇ ਬਾਰੇ ਅਸੀਂ ਸੁਣਦੇ ਰਹੇ ਹਾਂ ਕਿ ਹੱਲ ਚਲਾਉਂਦਿਆਂ ਰਾਤ ਦੇ ਪਿਛਲੇ ਪਹਿਰ ਹਾਲੀ ਗੌਰੀ ਵਰਗੇ ਰਾਗ ਅਲਾਪ ਰਹੇ ਹੁੰਦੇ ਸਨ ਭਾਵ ਇਹ ਕਿ ਪੰਜਾਬ ਵਿਚ ਸੰਗੀਤ ਦਾ ਬਹੁਤ ਪ੍ਰਚਾਰ ਸੀ। ਪੰਜਾਬ ਦੇ ਹੀ ਰਾਗੀ ਸਮੁੰਦ ਸਿੰਘ ਜਿਹਨਾਂ ਨੂੰ ਹਜ਼ੂਰੀ ਰਾਗੀ ਆਫ਼ ਨਨਕਾਣਾ ਸਾਹਿਬ ਦਾ ਖਿਤਾਬ ਹਾਸਿਲ ਹੋਇਆ, ਸੰਗੀਤ ਦੇ ਸਮੁੰਦਰ ਸਨ ਅਤੇ ਬਹਾਰੇ ਮੌਸੀਕੀ ਸਨ।

ਵੇਦਾਂ ਵਿਚ ਤਿੰਨ ਸੁਰਾਂ ਦਾ ਵਰਨਣ ਮਿਲਦਾ ਹੈ। ਇਹੋ ਹੀ ਅੱਜਕਲ ਦੇ ਸਤ ਸੁਰ ਹਨ। ਵੇਦ ਮੰਤ੍ਰ ਹੈ:-

*"ਤਿਸ੍ਰੋ ਦੇਵੀਰਮਯੋ ਭੁਵ:"*

ਇਹ ਦਾ ਅਰਥ ਉਬੱਟ ਇਸ ਤਰ੍ਹਾਂ ਕਰਦੇ ਹਨ :-

ਆਨੰਦ ਵਿਭੋਰ ਮਾਨਵ ਹਿਰਦੇ ਵਿਚੋਂ ਤਿੰਨ ਦਿਵ ਧੁਨੀਆਂ ਪ੍ਰਕਟ ਹੋਈਆਂ, ਉਹ ਧਨ ਉਦੱਾਤ, ਅਨੁੱਦਾਤ ਅਤੇ ਸਵਰਿਤ। ਇਹਨਾਂ ਵਿਚ ਉਦੱਾਤ ਉਚੀ, ਅਨੁੱਦਾਤ ਨੀਵੀਂ ਅਤੇ ਆਧਾਰ ਧੁਨੀ ਹੈ ਸਵਰਿਤ। ਸ਼ਲੋਕ ਹੈ :-

*"ਉਦੱਾਤਸ਼ਚਾਨੁਦਾਤਸ਼ਚ ਸਵਰਿਤਸ਼ਚ ਸਵਰਾ: ਤ੍ਰੈਯ।*
*ਉਚੈਰਦਾਤੋ ਨੀਚੈਰਨੁਦਾਤ ਸਮਾਹਾਰ: ਸਵਰਿਤ॥*

ਇਹੋ ਤਿੰਨ ਸੁਰ ਅੱਜਕਲ ਦੇ ਸੱਤ ਸੁਰ ਹਨ :-

ਉਦੱਾਤ ਨਿਸ਼ਾਦ ਗੰਧਾਰੋ ਅਨੁੱਦਾਤੋ ਰਿਸ਼ਭ ਧੈਵਤੋ।
ਸਵਰਿਤ ਪ੍ਰਭਵਾਹੀਯੇਤੇ ਸ਼ੜਜ ਮਧਿਅਮ ਪੰਚਮਾ॥

ਭਾਵ - ਇਨ੍ਹਾਂ ਸੁਰਾਂ ਵਿਚ :- ਉਦੱਾਤ-ਨੀ, ਗ ਅਨੁੱਦਾਤ- ਰੇ, ਧ ਅਤੇ ਸਵਰਿਤ- ਸ, ਮ ਅਤੇ ਪ ਹਨ।

1. ਉਦੱਾਤ = ਗ......ਨੀ......ਧ
2. ਅਨੁੱਦਾਤ = ਰੇ.....ਧ.......ਪ
3. ਸਵਰਿਤ = ਸ......ਪ.......ਮ

ਦੂਸਰੀ ਤਰ੍ਹਾਂ

ਸੰਘਾਤ ਸੰਘਾਤ

| ਸਵਰਿਤ ਅਨੁੱਦਾਤ ਉਦੱਾਤ | ਮਧਿਅਮ | ਸਵਰਿਤ ਅਨੁਦੱਾਤ ਉਦੱਾਤ |

ਸ ਰੇ ਗ (ਮ) ਪ ਧ ਨੀ (ਸਂ)

| ਸਵਰਿਤ ਅਨੁਦੱਾਤ ਉਦੱਾਤ |

ਪੰਜਾਬੀ ਸੰਗੀਤ ਵਿਦਵਾਨ ਅਸਲ ਵਿਚ ਸੰਗੀਤ ਦੀਆਂ ਬਹੁਤ ਬਾਰੀਕੀਆਂ ਤੱਕ ਪਹੁੰਚੇ ਹੋਏ ਸਨ। ਪਰ ਲਿਖਣ ਦੀ ਕਮੀ ਰਹਿ ਗਈ। ਇਸ ਦਾ ਕਾਰਣ ਪ੍ਰੈਕਟੀਕ੍ਰਲ ਸੰਗੀਤ ਅਤੇ ਯੁੱਧ ਵੀ ਹਨ। ਮਹਾਂਭਾਰਤ ਤੋਂ ਬਾਅਦ ਪੰਜਾਬ ਯੁੱਧਾਂ ਵਿਚ ਹੀ ਫਸਿਆ ਰਿਹਾ। ਜਿਨ੍ਹਾਂ ਕਿਤਾਬਾਂ ਲਿਖੀਆਂ ਉਨ੍ਹਾਂ ਨੂੰ ਜੋ ਚੰਗਾ ਲੱਗਾ ਲਿਖ ਦਿੱਤਾ, ਜਿਸ ਕਰਕੇ ਗਲਤੀਆਂ ਵੀ ਹੋ ਗਈਆਂ, ਜਿਵੇਂ ਕੁਝ ਰਾਗਾਂ ਬਾਰੇ ਗਲਤ ਲਿਖਿਆ ਮਿਲਦਾ ਹੈ। ਕੁਝ ਬਾਰੇ ਲਿਖਿਆ ਹੀ ਨਹੀਂ ਤੇ ਉਹ ਅਲੋਪ ਹੁੰਦੇ ਜਾ ਰਹੇ ਹਨ।

*ਧਰੁਪਦ* - ਧਮਾਰ ਸ਼ੈਲੀ ਬਦਲ ਕੇ ਜਦੋਂ ਖਿਆਲ (ਕਲਪਨਾ) ਸ਼ੈਲੀ ਵਿਚ ਤਬਦੀਲ ਹੋਈ ਤੇ ਗਾਉਣਾ-ਬਜਾਉਣਾ ਖੁੱਲ੍ਹਾ ਹੋ ਗਿਆ ਕਾਲਕਾਰ ਨੂੰ ਆਪਣੀ ਕਲਪਨਾ ਨਾਲ ਗਾਉਣ ਬਜਾਉਣ ਦੀ ਛੋਟ ਮਿਲੀ। ਇਹਦੇ ਨਾਲ ਸੰਗੀਤ ਵਿਚ ਰਸ ਦਾ ਹੋਰ ਵਾਧਾ ਤਾਂ ਹੋਇਆ, ਪਰ ਉਹੋ ਹੀ ਰਾਗ ਤਾਲ ਖਿਆਲ ਵਿਚ ਪਰਿਵਰਤਨ ਹੋਏ ਤੇ ਗਲਤੀਆਂ ਹੋਈਆਂ। ਚੌਤਾਲ ਖਿਆਲ ਦੇ ਰੂਪ ਵਿਚ ਬਦਲਿਆ। ਇਹਨੂੰ ਏਕਤਾਲ ਕਿਹਾ ਜਾਣ ਲੱਗਾ। ਧਮਾਰ ਤਾਲ ਵੀ ਖਿਆਲ ਸ਼ੈਲੀ ਵਿਚ ਗਾਇਆ ਜਾਣ ਲੱਗਾ। ਪਰ ਇਹਦਾ ਰਿਵਾਜ ਕੇਵਲ ਪੰਜਾਬ ਵਿਚ ਹੀ ਸੀ। ਕਿਤਾਬਾਂ ਵਿਚ ਨਾ ਹੋਣ ਕਰ ਕੇ ਹੁਣ ਇਥੇ ਵੀ ਬੰਦ ਹੋ ਗਿਆ। ਮੇਰੇ ਸਾਹਮਣੇ ਦੀ ਘਟਨਾ ਹੈ ਕਿ "ਇਕ ਵਾਰ ਰੇਡੀਓ ਉਤੇ ਆਡੀਸ਼ਨ ਟੈਸਟ ਹੋ ਰਿਹਾ ਸੀ, ਤਬਲੇ ਤੇ ਸੰਗਤ ਮੈਂ ਕਰ ਰਿਹਾ ਸੀ। ਧਮਾਰ ਤਾਲ ਵਿਚ ਵਿਲੰਬਿਤ ਖਿਆਲ ਗਾਇਆ ਜਾ ਰਿਹਾ ਸੀ। ਗਾਉਣ ਵਾਲਾ (ਮੈਂ ਨਾਂ ਨਹੀਂ ਲਿਖਣਾ ਚਾਹੁੰਦਾ) ਬੜਾ ਅੱਛਾ ਗਾ ਰਿਹਾ ਸੀ। ਆਡੀਸ਼ਨ ਦੇ ਜੱਜ ਸਾਹਿਬਾਨ ਸਨ-੧) ਪੰਡਿਤ ਵਿਨਾਯਕ ਰਾਵ ਪਟਵਰਧਨ-੨) ਰਤਨਜਨਕਰ-੩) ਠਾਕੁਰ ਜਯਦੇਵ ਸਿੰਘ, ਉਨ੍ਹਾਂ ਨੇ ਪੁੱਛਿਆ ਕਿ ਇਹ ਤਾਲ ਕਿਹੜਾ ਹੈ"। ਗਾਇਕ ਨੇ ਤਾਲ ਦਾ ਨਾਂ ਦੱਸਣ ਦੀ ਬਜਾਏ (ਡਰਦਿਆਂ) ਦੂਜਾ ਹੀ ਖਿਆਲ ਸ਼ੁਰੂ ਕਰ ਦਿੱਤਾ, ਜਿਹੜਾ ਹੋਰ ਤਾਲ ਵਿਚ ਸੀ। ਆਡੀਸ਼ਨ ਖਤਮ ਹੋਈ ਤੇ ਮੈਂ ਪੰਡਿਤ ਜੀ ਨੂੰ ਪੁੱਛਿਆ ਕੀ "ਉਹ ਤਾਲ ਗਲਤ ਸੀ"? ਉਹਨਾਂ ਕਿਹਾ ਗਲਤ ਨਹੀਂ ਸੀ, ਅਸੀਂ ਪਹਿਲਾਂ ਕਦੇ ਸੁਣਿਆ ਨਹੀਂ ਸੀ ਇਸ ਕਰਕੇ ਪੁੱਛਿਆ ਸੀ'। ਇਸ ਘਟਨਾ ਨੂੰ (੫੨) ਵਰ੍ਹੇ ਹੋ ਗਏ ਨੇ, ਮੁੜ ਕੇ ਕਿਸੇ ਗਾਇਆ ਹੀ ਨਹੀਂ। ਸਿਰਫ ਅਸੀਂ ਚੰਦ ਇਕ ਸੋਲੋ (ਸੁਤੰਤਰ) ਵਾਦਨ ਵਿਚ ਹੀ ਬਜਾਉਂਦੇ ਹਾਂ ਅਤੇ ਨਾਲੇ ਇਹਨੂੰ ਪੰਜਾਬੀ ਧਮਾਰ ਕਹਿੰਦੇ ਹਾਂ।

ਇਹ ਧਮਾਰ ਨਾਰਦੀਯ ਸਿੱਖਿਆ ਦੇ ਮੁਤਾਬਿਕ ਵਿਗਿਆਨਕ ਹੈ। ਤੋਮਰ ਛੰਦ ਤੋਂ ਬਣੀ ਹੈ। ਨਾਰਦੀਯ ਸਿੱਖਿਆ ਵਿਚ ਆਉਂਦਾ ਹੈ -

"ਚਤੁਰਦਸ਼ ਕਲ ਤੋਮਰ"

ਅਪਭ੍ਰੇਸ਼ ਵਿਚ ਇਹਦਾ ਉਚਾਰਣ ਧੋਮਰ ਹੋਣ ਲੱਗਾ ਤੇ ਵਿਆਕਰਣ ਵਾਲਿਆਂ ਨੇ ਇਹਦਾ ਵਿਆਕਰਣ ਬਣਾ ਦਿੱਤਾ -

"ਖ ਤ ਦ ਹ ਨਾਂ ਧ"

ਯਾਨੀ - ਖ, ਤ, ਦ, ਹ, ਅੱਖਰਾਂ ਨੂੰ ਅਪਭ੍ਰੇਸ਼ ਵਿਚ 'ਧ' ਹੋ ਜਾਂਦਾ ਹੈ। ਅਸਲ ਵਿਚ ਕਲਾ ਦੌੜਦੀ ਹੈ ਪਰ ਵਿਆਕਰਣ ਵੀ ਉਹਦੇ ਪਿਛੇ ਲੰਗੜਾਂਦਾ ਪਹੁੰਚ ਜਾਂਦਾ ਏ ਤੇ ਉਸ ਨੂੰ ਨਿਯਮ-ਬੱਧ ਕਰ ਦਿੰਦਾ ਹੈ। ਪਾਲੀ ਸੂਤ੍ਰ ਵਿਚ ਇਸਦਾ ਵਰਨਣ ਹੈ। ਫਿਰ ਇਹਦਾ ਉਚਾਰਣ ਧੋਮਾਰ ਹੋਣ ਲੱਗਾ। ਵਿਆਕਰਣ ਵਾਲਿਆਂ ਨੇ ਇਹਦਾ ਵੀ ਨਿਯਮ ਬਣਾ ਦਿੱਤਾ- ਉਹ ਹੈ :-

"ਦੈਯਕਸ਼ਰੇ ਮੱਪਓ ਦੀਰਘ"

ਯਾਨੀ ਦੋ ਅੱਖਰਾਂ ਦੇ ਵਿਚ ਵਾਲੇ ਅੱਖਰ ਨੂੰ ਦੀਰਘ ਹੋ ਜਾਂਦਾ ਹੈ। ਪਾਲੀ ਸੂਤਰ ਵਿਚ ਇਹਦਾ ਵੀ ਵਰਨਣ ਹੈ। ਇਸ ਤਰ੍ਹਾਂ ਤੋਮਰ ਤੋਂ ਧੋਮਰ ਕਿਹਾ ਜਾਣਾ ਲੱਗਾ। ਪੰਜਾਬ ਧਮਾਰ ਉਹੋ ਹੀ ਏ। ਦੂਜਾ ਕਿਤਾਬੀ ਧਮਾਰ ਸ਼ਾਸਤਰੀ ਨਹੀਂ ਹੈ ਬਲਕਿ ਮਥੁਰਾ ਦਾ ਲੋਕ ਗੀਤਾਂ ਨਾਲ ਵੱਜਣ ਵਾਲਾ ਧਮਾਰ ਤਾਲ ਹੈ। ਧਮਾਰ ਦੇ ਕੁੱਲ ਮਾਤਰਾ ਚੌਦਾਂ (੧੪) ਤੇ ਚਾਰ ਵਿਭਾਗ - ਪੰਜ, ਦੋ, ਤਿੰਨ ਅਤੇ ਚਾਰ ਮਾਤਰਿਆਂ ਦੇ ਹੋਣੇ ਚਾਹੀਦੇ ਹਨ, ਜਿਹੜੇ ਕਿ ਪੰਜਾਬੀ ਧਮਾਰ ਵਿਚ ਮੌਜੂਦ ਹਨ ਜਿਵੇਂ -

ਪੰਜਾਬੀ ਧਮਾਰ

| | | | | | | | | | | | | | |
|---|---|---|---|---|---|---|---|---|---|---|---|---|---|
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ | ੧੨ | ੧੩ | ੧੪ |
| ਤਾ | ਧਿ | - ਤਾ | ਧਿ | ਧਿ | ਧਗੇ | ਤਿਰਕਿਟ | ਧਾਗੇ | ਨਤਿ | - | ਕ | ਤਾ | ਤਿਰਕਟ | ਤਾਤਿਰਕਿਟ |

ਕਿਤਾਬੀ ਧਮਾਰ

| | | | | | | | | | | | | | |
|---|---|---|---|---|---|---|---|---|---|---|---|---|---|
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ | ੧੨ | ੧੩ | ੧੪ |
| ਕ | ਧਿ | ਟ | ਧਿ | ਟ | ਧਾ | - | ਗ | ਤਿ | ਟ | ਤਿ | ਟ | ਤ | - |
| | | | | | ੨ | | ੦ | | | ੩ | | | |

ਇਸ ਕਿਤਾਬੀ ਧਮਾਰ ਵਿਚ ਜਬਰਦਸਤੀ ਚਾਰ ਵਿਭਾਗ ਬਣਾਏ ਲੱਗਦੇ ਹਨ ਜਦਕਿ ਸੱਤ ਸੱਤ ਮਾਤਰਿਆਂ ਦੇ ਦੋ ਵਿਭਾਗ ਦਿਖਾਈ ਦਿੰਦੇ ਹਨ।

ਰਾਗ ਕਲਿਆਣ ਦੇ ਸ਼ਬਦ ਕਲਿਆਣ ਦਾ ਅਨੁਵਾਦ ਅਰਬੀ ਵਿਚ 'ਏਮਨ ਕੀਤਾ ਗਿਆ ਹੈ। ਜਿਹਦੇ ਨਾਲ ਦੋ ਰਾਗ ਸਮਝੇ ਜਾਣ ਲੱਗ ਪਏ - ਇਕ ਏਮਨ ਅਤੇ ਇਕ ਕਲਿਆਣ। ਜਿਹਦੇ ਵਿਚ ਕੇਵਲ ਤੀਵਰ 'ਮ' ਲੱਗਦਾ ਹੈ। ਉਹ ਏਮਨ ਅਤੇ ਜਿਹਦੇ ਵਿਚ ਦੋਨੋਂ ਮਾਧਿਆਮ (ਸ਼ੁੱਧ

ਵਿਕਰਿਤ) ਲੱਗਦੇ ਲੱਗਦੇ ਹਨ। ਉਹ ਏਮਨ ਕਲਿਆਣ ਜਦਕਿ ਕਲਿਆਣ ਵਿਚ ਹੀ ਵਿਵਾਦੀ ਸੁਰ ਦੇ ਨਾਤੇ ਸ਼ੁੱਧ 'ਮ' ਪ੍ਰਯੋਗ ਹੁੰਦਾ ਹੈ। 'ਏਮਨ ਕਲਿਆਣ' ਗੱਲ ਜਚਦੀ ਨਹੀਂ ਹੈ।

ਸਾਜ਼ ਸਿਤਾਰ ਵਿਚ ਤਿੰਨ ਤਾਰ ਹੁੰਦੇ ਹਨ। ਇਹਦਾ ਅਨੁਵਾਦ ਫਾਰਸੀ ਵਿਚ 'ਸਿਹਤਾਰ' ਕੀਤਾ ਗਿਆ ਹੈ। ਫਾਰਸੀ ਵਿਚ ਤਿੰਨ ਨੂੰ ਸਿਹ ਕਿਹਾ ਜਾਂਦਾ ਹੈ। ਪਹਿਲਾਂ ਇਹਦਾ ਨਾਂ ਤ੍ਰਿਤੰਤ੍ਰੀ ਹੁੰਦਾ ਸੀ। ਇਹ ਕਹਿਣਾ ਕਿ ਇਹ ਅਮੀਰ ਖੁਸਰੋ ਨੇ ਬਣਾਇਆ ਗਲਤ ਹੈ।

ਤਬਲਾ - ਇਹ ਖੋਖਲਾ ਸਾਜ਼ ਹੈ। ਇਹ ਅਵਨੱਧ ਸਾਜ਼ਾਂ ਦੇ ਵਰਗ ਵਿਚ ਆਉਂਦਾ ਸੀ। ਇਹਦੇ ਦੋ ਭਾਗ ਹਨ। ਇਕ ਨੂੰ ਉਰਧਵਰ ਅਤੇ ਦੂਸਰੇ ਨੂੰ ਦਰਦੁਰ ਕਿਹਾ ਗਿਆ। ਖੋਖਲਾ ਹੋਣ ਦੇ ਕਾਰਣ ਇਹਨੂੰ ਫਾਰਸੀ ਵਿਚ ਤਬਲ ਕਿਹਾ ਗਿਆ। ਖੋਖਲੀ ਵਸਤੂ ਨੂੰ ਫਾਰਸੀ ਵਿਚ ਤਬਲ ਕਿਹਾ ਜਾਂਦਾ ਹੈ। ਇਹ ਕਹਿਣਾ ਕਿ ਪਖਾਵਜ ਨੂੰ ਤੋੜ ਕੇ ਇਹਦਾ ਅਵਿਸ਼ਕਾਰ ਹੋਇਆ ਗਲਤ ਹੈ। ਪਖਾਵਜ ਨਾਂ ਦਾ ਕੋਈ ਸਾਜ਼ ਹੀ ਨਹੀ ਏ। ਇਹ ਤਾਂ ਬਜਾਉਣ ਦਾ ਇਕ ਢੰਗ ਹੈ। ਜਿਹਦੇ ਵਿਚ ਬਜਾਉਣ ਵਾਲੇ ਦੇ ਬਾਜ਼ੂ ਪੰਛੀ ਦੇ ਪੰਖਾਂ ਵਾਗੂੰ ਹਿਲਦੇ ਨੇ। ਪੰਜਾਬ ਧਰੁਪਦ ਦੇ ਨਾਲ ਤਬਲਿਆਂ ਉੱਤੇ ਹੀ ਬਜਾਇਆ ਜਾਂਦਾ ਸੀ।

ਇਸ ਤਰ੍ਹਾਂ ਨਾਲ ਪੰਜਾਬ ਤੇ ਭਾਰਤੀ ਸੰਗੀਤ ਨੂੰ ਏਨੇ ਵੱਡੇ ਯੋਗਦਾਨ ਦੇ ਨਾਲ ਨਾਲ ਇਕ ਕਮੀ ਵੀ ਰਹਿ ਗਈ ਏ। ਹੁਣ ਸਾਨੂੰ ਲਿਖਣ ਵਾਲੇ ਪਾਸੇ ਧਿਆਨ ਦੇਣਾ ਚਾਹੀਦਾ ਏ। ਬੇਸ਼ੱਕ ਇਹ ਕੰਮ ਮੁਸ਼ਕਿਲ ਏ। ਪਰ ਜਿਵੇਂ ਵਿਰਾਸਤ ਫ਼ਾਊਂਡੇਸ਼ਨ ਵਾਲੇ ਪੰਜਾਬ ਨੂੰ ਹੱਲਾ ਸ਼ੇਰੀ ਦੇ ਰਹੇ ਹਨ, ਸਾਨੂੰ ਪੂਰੀ ਉਮੀਦ ਹੈ ਕਿ ਪ੍ਰਮਾਤਮਾ ਸਾਨੂੰ ਜ਼ਰੂਰ ਕਾਮਯਾਬੀ ਦੇਵੇਗਾ। ਇਨ੍ਹਾਂ ਲਫਜਾਂ ਨਾਲ ਮੈਂ ਤੁਹਾਥੋਂ ਇਜਾਜ਼ਤ ਚਾਹੁੰਦਾ ਹਾਂ। ਅੰਤ ਵਿਚ ਤੁਸੀਂ ਵੀ ਆਓ ਮੇਰੇ ਨਾਲ ਪ੍ਰਮਾਤਮਾ ਅੱਗੇ ਦੁਆ ਕਰੀਏ-

*ਜ਼ਿੰਦਗੀ ਦੀ ਹੈ ਤੋਂ ਜੀਨੇ ਦਾ ਹੁਨਰ ਭੀ ਦੇਨਾ।*
*ਪਾਂਵ ਬਖਸ਼ੇ ਹੈ ਤੋਂ ਤੌਫੀਕੇ ਸਫਰ ਭੀ ਦੇਨਾ।*
*ਗੁਫਤਗੂ ਤੂਨੇ ਸਿਖਾਈ ਹੈ*
*ਤੋਂ ਏਕ ਕਰਮ ਔਰ ਭੀ ਕਰ,*
*ਮੇਰੀ ਬਾਤੋਂ ਮੇ ਅਸਰ ਭੀ ਦੇਨਾ।*

## ਮਨ ਤੂੰ ਮਤ ਮਾਣੁ ਕਰਹਿ ਜਿ ॥ ਹਉ ਕਿਛੁ ਜਾਣਦਾ ਗੁਰਮੁਖ ਨਿਮਾਣਾ ਹੋਹੁ ॥
## ਅੰਤਰਿ ਅਗਿਆਨੁ ਹਉ ਬੁਧਿ ਹੈ ॥ ਸਚਿ ਸਬਦਿ ਮਲ ਖੋਹੁ ॥


### ਭਗਵੰਤ ਸਿੰਘ ਦਲਾਵਰੀ

ਤਪੋਵਨ ਅਮਰਾਵਤੀ 444 602
ਮਹਾਰਾਸ਼ਟਰਾ


ਸੱਚਮੁੱਚ ਮੈਂ ਕੁੱਤੇ ਦੀ ਪੂੰਛ ਵਾਂਗ ਸਿੱਧਾ ਨਹੀਂ ਹੋ ਸਕਦਾ, ਅਗਿਆਨਤਾ ਦੀ ਹਓ ਬੁਧੀ ਨੇ ਘੇਰ ਲਿਆ ਜਾਪਦਾ ਹੈ ਨਹੀਂ ਤਾਂ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਮੈਂ ਆਪਣੇ ਸਾਹਿਬ ਕੋਲੋਂ ਵਿਛੁੜ ਜਾਵਾਂ। 15 ਦਿਨ ਲੱਗਦਾ ਹੈ 15 ਹਜ਼ਾਰ ਸਾਲ ਬਣ ਗਏ ਹਨ ਕਿਉਂਕਿ ਦੋ ਹਫਤਿਆਂ ਤੋਂ ਮੈਂ ਰਸਕ ਰਸਕ ਗੁਣ ਨਹੀਂ ਗਾ ਸਕਿਆ। ਆਪਣੇ ਵੱਲੋਂ ਜਾਣ ਬੁਝ ਕੇ ਤਾਂ ਪਤਾ ਨਹੀਂ ਲੱਗਦਾ ਕਿ ਕੀ ਝਲ ਮਾਰ ਬੈਠੀ ਹਾਂ, ਕਿਸ ਤਰ੍ਹਾਂ ਵਿਛੜ ਗਈ ਹਾਂ, ਕਿਉਂ ਤੇਰੀਆਂ ਨਜ਼ਰਾਂ ਤੋਂ ਲਹਿ ਗਈ ਹਾਂ, ਕਿਉਂ ਆਪਦੇ ਸਿਰ ਵਿਚ ਆਪ ਸੁਆਹ ਪਾ ਬੈਠੀ ਹਾਂ, ਪਰ ਇਹ ਪੱਕੀ ਗੱਲ ਹੈ ਕਿ ਐਵੇਂ ਤੂੰ ਮੂੰਹ ਫੇਰ ਨਹੀਂ ਸਕਦਾ। ਤੈਨੂੰ ਪਤਾ ਮੈਂ ਕੁਛ ਭੁਲ ਚੁਕ ਕਰ ਬੈਠੀ ਹਾਂ, ਹੰਕਾਰ ਕਰ ਬੈਠੀ ਹਾਂ, ਪਰ ਤੈਨੂੰ ਕਹਿੰਦੀ ਹਾਂ, ਪ੍ਰਭੂ ਜੈਸੀ ਵੀ ਹਾਂ ਤੇਰੀ ਹੀ ਚੇਲੀ ਹਾਂ। ਕੁਝ ਸੋਚਣ ਦੀ ਕੋਸ਼ਿਸ਼ ਕਰਦੀ ਹਾਂ, ਕਿ ਝੱਲ ਮਾਰਿਆ ਗਇਆ ਹੈ। ਕਿਵੇਂ ਤੈਨੂੰ ਖੋਹ ਬੈਠੀ, ਕਿਵੇਂ ਅਨਜਾਨੇ ਵਿਚ ਹੀ ਕੁਛ ਐਸਾ ਕਰ ਬੈਠੀ ਜੋ ਤੈਨੂੰ ਚੰਗਾ ਨਹੀਂ ਲੱਗਾ ਪਰ ਕੁਝ ਸਮਝ ਨਹੀਂ ਆਂਦੀ।

ਅੱਜ ਜਦੋਂ ਹਰਿਮੰਦਰ ਸਾਹਿਬ ਤੋਂ ਟੀਵੀ ਤੇ ਸੁਣ ਰਹੀ ਸਾਂ।

*ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥*
*ਜੀਵਤ ਸਾਹਿਬੁ ਸੇਵਿਓ ਅਪਨਾ ॥*
*ਚਲਤੇ ਰਾਖਿਓ ਚੀਤਿ ॥* (ਪੰਨਾ 1000)

ਤਾਂ ਜਿਉਂ ਜਿਉਂ ਸ਼ਬਦ ਪੜ੍ਹਿਆ ਜਾ ਰਿਹਾ ਸੀ, ਇਕ ਇਕ ਤੁਕ ਮੇਰੇ ਮਨ ਨੂੰ ਚੀਰ ਰਹੀ ਸੀ। ਇਕ ਪਾਸੇ ਮੈਨੂੰ ਆਪਣਾ ਤਨ ਮਨ ਅਰਪਣ ਕਰਨ ਦੀ ਚਾਹਤ, ਜੋ ਤੂੰ ਆਪ ਸਿਖਾਈ ਸੀ ਯਾਦ ਆ ਰਹੀ ਸੀ ਤੇ ਦੂਜੇ ਪਾਸੇ ਵਿਛੁੜੀ ਹੋਈ ਹਾਲਤ ਵਿਚ ਸ਼ਰਮ ਵਿਚ ਮਰੀ ਜਾ ਰਹੀ ਹਾਂ। ਕਦੇ ਵੇਲਾ ਸੀ, 30 ਸਾਲ ਤੋਂ ਉਪਰ ਹੋ ਗਏ ਹਨ ਜਦੋਂ ਮੈਂ ਗੁਰੂ ਅਰਜਨ ਦੇਵ ਮਹਾਰਾਜ ਦਾ ਸ਼ਬਦ ਸੁਣਿਆ ਸੀ ਤਾਂ ਮੇਰੇ ਮਨ ਵਿਚ ਰੀਝ ਉਠੀ ਸੀ, "ਸੱਚੇ ਪਾਤਸ਼ਾਹ, ਇਹੋ ਜਿਹਾ ਗੁਲਾਮ ਬਣਾਓ ਕਿ ਮੇਰੀ ਮੌਤ 'ਤੇ ਮੇਰੇ ਲਈ ਇਹੋ ਸ਼ਬਦ ਪੜ੍ਹਿਆ ਜਾਏ।" ਇਕ ਵਾਰ ਤਾਂ ਇਥੋਂ ਤੱਕ ਮਾਣ ਕਰ ਬੈਠੀ ਸਾਂ, ਕਿਉਂਕਿ 1675 ਦੀ 11 ਨਵੰਬਰ ਨੂੰ ਗੁਰੂ ਤੇਗ ਬਹਾਦੁਰ ਸਾਹਿਬ ਨੂੰ ਸ਼ਹੀਦ ਕੀਤਾ ਗਿਆ ਸੀ ਤੇ 255 ਸਾਲ ਬਾਅਦ ਨਵੰਬਰ ਦੀ ਹੀ 11 ਤਾਰੀਖ ਨੂੰ ਮੈਂ ਇਸ ਸੰਸਾਰ 'ਤੇ ਆਇਆ ਸੀ, ਇਸ ਲਈ ਗੁਰੂ ਕਿਰਪਾ ਕਰੇ ਮੈਂ ਵੀ ਕਿਸੇ ਸਾਲ ਨਵੰਬਰ ਦੀ 11 ਤਾਰੀਖ ਨੂੰ ਹੀ ਸ਼ਹੀਦ ਹੋ ਜਾਵਾਂ।

ਹੁਣ ਤਾਂ 17 ਦਿਨ ਤੋਂ ਨਾ ਗੁਣ ਗਾ ਸਕਦੀ ਹਾਂ, ਨਾ ਆਪਣੀਆਂ ਸਖੀਆਂ ਨਾਲ ਰਲਕੇ ਆਪਣੇ ਪ੍ਰੀਤਮ ਨੂੰ ਸੁਨੇਹੇ ਭੇਜ ਸਕਦੀ ਹਾਂ। ਜਾਂ ਉਨ੍ਹਾਂ ਅੱਗੇ ਆਪਣਾ ਆਪ ਵੇਚ ਕੇ ਬਹਿ ਸਕਦੀ ਹਾਂ। ਜੋ ਮੈਨੂੰ ਪ੍ਰੀਤਮ ਦੀਆਂ ਗੱਲਾਂ ਸੁਨਾਣ, ਸਗੋਂ ਹਰ ਵੇਲੇ ਕੋਈ ਨਾ ਕੋਈ ਕਹਿ ਜਾਂਦਾ ਹੈ- ਤੁਸੀਂ ਆਰਾਮ ਨਹੀ ਕਰਦੇ ਇਸ ਲਈ ਠੀਕ ਨਹੀਂ ਹੁੰਦੇ ਇਕ ਦਿਨ ਬੜੇ ਖੁਸ਼ ਹੋ ਜਾਂਦੇ ਹੋ ਕਿ ਮੈਂ ਠੀਕ ਹਾਂ, ਦੂਜੇ ਦਿਨ ਨਿਮੋਝੂਣ ਹੋ ਕੇ ਬਹਿ ਜਾਂਦਾ ਹੈ। ਅਸਲ ਵਿਚ ਮੈਂ ਤੜਪ ਰਹੀ ਹਾਂ ਕਿਹੜਾ ਵੇਲਾ ਹੋਵੇ ਫਿਰ ਹਰ ਵੇਲੇ ਤੇਰੇ ਕੋਲ ਬੈਠਕੇ ਸਰੀਰਕ ਮੁਸ਼ਕਿਲਾਂ ਨੂੰ ਭੁਲਾ ਕੇ ਆਪਣੇ ਸਤਿਸੰਗੀਆਂ ਨਾਲ ਤੇਰੀਆਂ ਵਡਿਆਈਆਂ ਕਰਦੀ ਰਹਵਾਂਗੀ ਤੇ ਫੇਰ ਜਦੋਂ ਮਰਜ਼ੀ ਹੋਵੇ ਗੁਰਦੁਆਰਾ ਬੰਗਲਾ ਸਾਹਿਬ ਜਾ ਕੇ ਗੁਰਸਿੱਖਾਂ ਦੇ ਜੋੜੇ ਝਾੜਦਿਆਂ ਝਾੜਦਿਆਂ ਤੇਰੀ ਬਾਣੀ ਦਾ ਚੋਂਦਾ ਚੋਂਦਾ ਰਸ ਕੰਨਾਂ ਵਿਚ ਪੁਆ ਕੇ ਗਦਗਦ ਹੁੰਦੀ ਰਹਾਂਗੀ। ਕੱਲ ਮੈਨੂੰ ਡਾਂਟ ਪਈ, ਮੈਂ ਰਾਤ ਦੀ ਬੇਚੈਨੀ ਕਰ ਕੇ ਅੰਮ੍ਰਿਤ ਵੇਲੇ ਸਾਵਧਾਨ ਹੋ ਕੇ ਗੁਰ ਸ਼ਬਦ ਦੀ ਧੁੰਨ ਨੂੰ ਸੁਰਤਿ ਨਾਲ ਜੋੜ ਕੇ ਨਾ ਸੁਣ ਸਕੀ ਤਾਂ ਕਿਸੇ ਦੀ ਮਿੰਨਤ ਕਰ ਕੇ ਉਸ ਦੀ ਕਾਰ ਵਿਚ ਬੰਗਲਾ ਸਾਹਿਬ ਟੁਰ ਪਈ ਤੇ "ਜਿਸ ਡਿੱਠੇ ਸਭ ਦੁਖ ਜਾਇ" ਦੇ ਦਰਸ਼ਨ ਕਰਕੇ ਖਿੜ ਗਈ। ਸ਼ੁਕਰ ਕੀਤਾ ਅੰਦਰੋ ਅੰਦਰ ਹੱਸ ਹੱਸ ਕੇ, ਥਕਾਵਟ ਵਿਚ ਵਾਪਿਸ ਮੁੜੀ ਤੇ ਕਾਰ ਵਿਚ ਲਿਜਾਣ ਵਾਲੇ ਦਾ ਸ਼ੁਕਰੀਆ ਕਰਕੇ ਘਰ ਅੰਦਰ ਵੜੀ ਤਾਂ ਪਤਾ ਲੱਗਾ ਕਿ ਇਕ ਡਾਹਡੇ ਸਤਿਕਾਰਯੋਗ ਸਤਿਸੰਗੀ ਦਾ ਫੋਨ ਆਇਆ ਸੀ, ਕਹਿ

ਰਹੇ ਸਨ, ਆਰਾਮ ਨਹੀਂ ਕਰਦੇ! ਤੇ ਜਿਸ ਮੈਨੂੰ ਦੱਸਿਆ ਉਸ ਵੀ ਸੁਆਦ ਲਾ ਕੇ ਆਪਣੀ ਡਾਂਟ ਵੀ ਨਾਲ ਮਿਲਾ ਦਿੱਤੀ। ਕੀ ਮੈਂ ਸਚਮੁੱਚ ਇਤਨੀ ਭੈੜੀ ਹਾਂ, ਇਤਨੀ ਕੁਕਰਮਣ ਹਾਂ ਕਿ ਕੋਈ ਝਟ ਕੱਢ ਕੇ ਆਪਣਾ ਚਾਅ ਪੂਰਾ ਕਰਨ ਲਈ ਗੁਰਸਿੱਖਾਂ ਦੀ ਚਰਣ ਧੂੜ ਲੈਣ ਵੀ ਨਹੀਂ ਜਾ ਸਕਦੀ। ਪਰ ਮੈਂ ਸਮਝਦੀ ਹਾਂ, ਮੈਂ ਜਿਤਨੀ ਵੀ ਭੈੜੀ ਹੋਵਾਂ ਤੂੰ ਅਕਿਰਤਘਨਾਂ ਨੂੰ ਪਾਲਣ ਵਾਲਾ ਹੈ, ਪਤਿਤਾਂ ਨੂੰ ਪਾਵਨ ਕਰਨ ਵਾਲਾ ਹੈ, ਭਾਵੇਂ ਮੈਨੂੰ ਸਿਖਾਉਣ ਲਈ ਜੋ ਕੁਝ ਵੀ ਕਰਦਾ ਹੈ ਤੇ ਲੁਕਣਮਿੱਚੀ ਖੇਡਦਾ ਹੈ, ਤੇਰਾ ਬਿਰਦ ਹੈ ਤੂੰ ਮੈਨੂੰ ਦੁਤਕਾਰੇਗਾ ਨਹੀਂ। ਮੈਂ ਭਾਵੇਂ ਦੁਖੀ ਹਾਂ ਇਹ ਸੋਚ-ਸੋਚ ਕਿ ਜ਼ਰੂਰ ਕੋਈ ਵੱਡਾ ਅਹੰਕਾਰ ਕਰ ਬੈਠੀ ਹਾਂ ਤਾਂ ਹੀ ਤੂੰ ਮੈਨੂੰ ਇਸ ਵਿਛੋੜੇ ਵਿਚ ਪਾ ਦਿੱਤਾ ਹੈ ਜੋ ਮੇਰੇ ਕੋਲੋਂ ਸਹਿਆ ਨਹੀਂ ਜਾਂਦਾ ਪਰ ਸਾਹਿਬਾ ਮੈਂ ਮੰਨਦੀ ਹਾਂ ਨਾ, ਵੇਖ ਭਗਤ ਰਵਿਦਾਸ ਦੀ ਬੋਲੀ ਵਿਚ ਰੋ ਰੋ ਕੇ ਕਹਿ ਦੇਂਦੀ ਹਾਂ।

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤਿਆਰੁ ਕਿਆ ਕੀਜੈ॥* (ਪੰਨਾ 694)

ਕਿਸ ਦਾ ਇਮਤਿਹਾਨ ਲਵੇਂਗਾ। ਮੈਂ ਇਮਤਿਹਾਨ ਦੇਣ ਜੋਗੀ ਹੀ ਨਹੀਂ, ਇਮਤਿਹਾਨ ਲੈਣ ਦੀ ਬਜਾਇ ਤੇ ਬੋਲਣਾ ਬੰਦ ਕਰਨ ਦੀ ਬਜਾਇ ਆਪਣਾ ਬਿਰਦ ਪਾਲ। ਕਬੀਰ ਜੀ ਵਾਂਗ ਮਿੰਨਤਾਂ ਕਰਦੀ ਹਾਂ,

*ਰਾਮਈਆ ਹਉ ਬਾਰਿਕੁ ਤੇਰਾ॥*
*ਕਾਹੇ ਨ ਖੰਡਸਿ ਅਵਗਨੁ ਮੇਰਾ॥* (ਪੰਨਾ 478)

ਜਿਤਨਾ ਮਰਜ਼ੀ ਗੁਨਹੇਗਾਰ ਹੋਵੇ ਪੁੱਤਰ, ਮਾਵਾਂ ਚੇਤੇ ਨਹੀ ਰੱਖਦੀਆਂ, ਸਗੋਂ ਪੁੱਤਰ ਨਾਰਾਜ਼ ਹੋ ਕੇ ਘਰੋਂ ਨੱਸ ਵੀ ਜਾਏ ਤਾਂ ਵੀ ਉਹਦੇ ਵਾਪਿਸ ਆਉਣ ਤੇ ਉਸਨੂੰ ਜੀ ਆਇਆਂ ਆਖਦੀ ਹੈ। ਤੇਰੀਆਂ ਵਡਿਆਈਆਂ ਭਾਈ ਗੁਰਦਾਸ ਜੀ ਨੇ ਖੋਲ੍ਹ ਕੇ ਲਿਖੀਆਂ ਹਨ,

*ਤੋ ਸੋ ਨ ਨਾਥ ਅਨਾਥ ਨ ਮੋ ਸਰਿ,*
*ਤੋ ਸੋ ਨ ਦਾਨੀ ਨ ਮੋ ਸੋ ਭਿਖਾਰੀ॥*
*ਮੋ ਸੋ ਨ ਦੀਨ, ਦਯਾਲ ਨ ਤੋ ਸਰਿ,*
*ਮੋ ਸੋ ਅਗਯਾਨਿ, ਨ ਤੋ ਸੋ ਬਿਚਾਰੀ॥*
*ਮੋ ਸੋ ਨ ਪਤਿਤ, ਨ ਪਾਵਨ ਤੋ ਸਰਿ,*
*ਮੋ ਸੋ ਬਿਕਾਰੀ, ਨ ਤੋ ਸੋ ਉਪਕਾਰੀ॥*
*ਮੇਰੇ ਹੈ ਅਵਗੁਨ, ਤੂ ਗੁਨ ਸਾਗਰ*
*ਜਾਤ ਰਸਾਤਲ ਓਟ ਤਿਹਾਰੀ॥*
(ਸਵੈਯਾ, ਭਾਈ ਗੁਰਦਾਸ ਜੀ, 528)

ਤੇ ਹੁਣ ਦਸ ਸਾਹਿਬਾ ਮੈਂ ਮੰਨ ਗਈ ਤੇਰੇ ਵਰਗਾ ਕੋਈ ਮਾਲਕ ਨਹੀਂ ਤੇ ਮੇਰੇ ਵਰਗੀ ਬੇ-ਸਹਾਰਾ ਨਹੀਂ, ਤੇਰੇ ਵਰਗਾ ਕੋਈ ਦਾਨੀ ਨਹੀਂ ਮੇਰੇ ਵਰਗੀ ਕੋਈ ਭਿਖਾਰਨ ਨਹੀ, ਮੈਂ ਦੀਨਤਾ ਦੀ ਤਸਵੀਰ ਤੂੰ ਦਇਆਲਤਾ ਦਾ ਪ੍ਰਤੀਕ, ਮੈਂ ਅਗਿਆਨੀ ਤੂੰ ਵੀਚਾਰਵਾਨ, ਮੈਂ ਪਤਿਤ ਤੂੰ ਪਤਿਤ ਪਾਵਨ, ਮੇਰੇ ਵਰਗਾ ਕੋਈ ਵਿਕਾਰੀ ਨਹੀਂ ਤੇ ਤੇਰੇ ਵਰਗਾ ਕੋਈ ਉਪਕਾਰੀ ਨਹੀਂ। ਕੀ ਮੇਰੇ ਅਉਗਣ, ਰੋ ਕੇ ਪੁਛਦੀ ਹਾਂ, ਤੇਰੇ ਵਰਗੇ ਗੁਣਾਂ ਦੇ ਸਾਗਰ ਵਿਚ ਖੋਏ ਨਹੀਂ ਜਾ ਸਕਦੇ। ਭਾਵੇਂ ਮੈਂ ਨੀਵੀਂ ਤੋਂ ਨੀਵੀਂ ਥਾਂ ਰਹਿਣ ਵਾਲੀ ਜਲੀਲ ਹਾਂ, ਪਰ ਤੇਰੀ ਸ਼ਰਣ ਆਈ ਹਾਂ,

*ਅਬ ਹਮ ਚਲੀ ਠਾਕੁਰ ਪਹਿ ਹਾਰਿ॥*
*ਜਬ ਹਮ ਸਰਣਿ ਪ੍ਰਭੂ ਕੀ ਆਈ*
*ਰਾਖੁ ਪ੍ਰਭੂ ਭਾਵੈ ਮਾਰਿ॥* (ਪੰਨਾ 527)

ਚੰਗਾ ਚਿਰ ਰੋਂਦੀ, ਕਦੇ ਮੈਂ ਰੀਝ ਪ੍ਰਗਟ ਕੀਤੀ ਸੀ ਕਿ ਜਦੋਂ ਮੈਂ ਮਰਾਂ, ਮੇਰੇ ਬਾਰੇ ਵਿਚ ਗੁਰੂ ਅਰਜਨ ਦੇਵ ਜੀ ਦੀ ਬੋਲੀ ਵਿਚ ਇਹ ਕਿਹਾ ਜਾਏ ਕਿ ਇਹ ਮਾਨ-ਮੋਹ ਤੇ ਲੋਭ ਦੇ ਵਿਕਾਰਾਂ ਵਿਚ ਫਸ ਕੇ ਆਪਣੇ ਗੁਰੂ ਤੋਂ ਬਿਨਾਂ ਦੂਜੇ ਪਾਸੇ ਚਿਤ ਨਹੀਂ ਲਾਉਂਦਾ। ਨਾਮ ਦੇ ਹੀਰੇ ਦਾ ਆਸਰਾ ਲੈ ਕੇ ਨਾਮ ਵਿਚੋਂ ਨਿਕਲੇ ਗੁਣਾਂ ਦਾ ਵਿਉਪਾਰ ਕਰਦਾ ਰਿਹਾ ਤੇ ਗੁਣਾਂ ਦਾ ਖਜਾਨਾ ਨਾਲ ਲੈ ਗਿਆ। ਸੇਵਕ ਦੀ ਤੋੜ ਤੱਕ ਪ੍ਰੀਤ ਨਿਭ ਗਈ। ਜੀਉਂਦਾ ਸੀ ਤਾਂ ਸਾਹਿਬ ਦੀ ਸੇਵਾ ਵਿਚ ਰਿਹਾ ਤੇ ਮਰਦਿਆਂ ਵੀ ਇਸਦਾ ਧਿਆਨ ਸਾਹਿਬ ਵੱਲ ਸੀ। ਜੋ ਜੋ ਮਾਲਿਕ ਨੇ ਹੁਕਮ ਕੀਤਾ ਉਸ ਤੋਂ ਮੂੰਹ ਨਹੀਂ ਮੋੜਿਆ ਤੇ ਆਪਣੇ ਅੰਦਰ ਸਾਹਿਬ, ਆਨੰਦ ਵਿਚ ਵਿਚਰਦਿਆਂ ਸਾਹਿਬ ਦਾ ਹੁਕਮ ਬਜਾਣ ਲਈ ਦੌੜਿਆ। ਦੁਖ-ਸੁਖ ਪ੍ਰਭੂ ਦੀ ਆਗਿਆ ਕਰ ਕੇ ਜਾਣਿਆ, ਖੁਸ਼ੀ-ਗਮੀ ਨੂੰ ਇਕੋ ਜਿਹਾ ਸਮਝਿਆ। ਜੋ ਜੋ ਸਾਹਿਬ ਨੇ ਹੁਕਮ ਕੀਤਾ, ਸਿਰ ਮੱਥੇ 'ਤੇ ਮੰਨਿਆ। ਜਦੋਂ ਸਾਹਿਬ ਨੇ ਆਪਣੀ ਕਿਰਪਾਲਤਾ ਦਿਖਾਈ ਤਾਂ ਇਸਦਾ ਹਲਤ-ਪਲਤ ਸੰਵਰ ਗਿਆ। ਧੰਨ ਹੈ ਉਹ ਸੇਵਕ, ਸਫਲ ਹੈ ਉਸਦਾ ਆਉਣਾ ਜਿਸਨੇ ਆਪਣੇ ਮਾਲਕ ਨੂੰ ਪਛਾਣ ਲਿਆ ਤੇ ਤੋੜ ਤੱਕ ਪਛਾਣੀ ਰੱਖਿਆ।

ਹੁਣ ਤਾਂ ਹੀ ਘਬਰਾ ਰਹੀ ਹਾਂ, ਤੋੜ ਤੱਕ ਪੁਚਾਣਾ ਤਾਂ ਇਕ ਪਾਸੇ, ਜਾਣਦੀ ਵੀ ਹਾਂ ਕਿ ਇਹੋ ਜਿਹੀਆਂ ਰੀਝਾਂ ਰੱਖਣੀਆਂ "ਜਾਤ ਦੀ ਕੋਹੜ ਕਿਰਲੀ ਤੇ ਸ਼ਤੀਰਾਂ ਨੂੰ ਜਫੇ" ਵਾਂਗਨ ਹੈ, ਪਰ ਤੇਰੇ ਲਾਡ ਦੀ ਵਿਗਾੜੀ ਹੋਈ ਇਹ ਰੀਝ ਕਰ ਬੈਠੀ। ਹੁਣ ਵਿਛੋੜੇ ਵਿਚ ਸਮਝ ਰਹੀ ਹਾਂ,

*ਮਾਰਗੁ ਪੰਥੁ ਨ ਜਾਣਉ ਬਿਖੜਾ*
*ਕਿਉ ਪਾਈਐ ਪਿਰੁ ਪਾਰੈ॥* (ਪੰਨਾ 1111)

ਉਹ ਵੀ ਜਾਣਦੀ ਹਾਂ, ਭਾਵੇਂ ਰੋਵਾਂ, ਭਾਵੇਂ ਹੱਸਾਂ, ਭਾਵੇਂ ਤੜਪਾਂ, ਭਾਵੇਂ ਸਹਿਜ ਵਿਚ ਆਵਾਂ, ਭਾਵੇਂ ਰੋ ਰੋ ਕੇ ਤੇਰੀਆਂ ਉਡੀਕਾਂ ਕਰਾਂ ਜਾਂ ਪਾਗਲ ਹੋ ਕੇ *"ਬੀਥੀ ਬੀਥੀ, ਪੇਖਾਂ", ਮੇਰੀ ਹੋਰ ਕੋਈ ਥਾਂ ਨਹੀਂ। ਤੇ ਇਹ ਇਤਨੀ* unequal *ਸਾਂਝ ਹੈ,*

*ਤੁਮ ਵਡੇ ਵਡੇ ਵਡ ਊਚੇ*
*ਹਉ ਇਤਨੀਕ ਲਹੁਰੀਆ ਰਾਮ॥* (ਪੰਨਾ 779-80)

ਤਾਂ ਮੈਂ ਕੀ ਕਰ ਸਕਦੀ ਹਾਂ, ਮੈਂ ਤਾਂ ਇਹੋ ਸਮਝਦੀ ਹਾਂ,

*ਢਾਢੀ ਦਰਿ ਪ੍ਰਭ ਮੰਗਣਾ ਦਰੁ ਕਦੇ ਨ ਛੋੜੇ॥*
*ਨਾਨਕ ਮੰਨ ਤਨਿ ਚਾਉ, ਏਹੁ ਨਿਤ ਪ੍ਰਭ ਕਉ ਲੋੜੇ॥*
(ਪੰਨਾ 323)

beggars are not choosers; ਮੈਂ ਤਾਂ ਢੱਠੀ ਰਹਾਂਗੀ ਜਦ ਤੱਕ ਆਪਣੀ ਨਜਰਾਂ ਦੀ ਰਹਿਮਤ ਦਿਖਾ ਕੇ ਫਿਰ ਗਲੇ ਲਗਾ ਕੇ ਇਹ ਗੱਲ ਪੂਰੀ ਨਹੀਂ ਕਰੇਂਗਾ,

*ਸਾਰਿ ਸਮਾਲੈ ਨਿਤਿ ਪ੍ਰਤਿਪਾਲੇ*
*ਪ੍ਰੇਮ ਸਹਿਤ ਗਲ ਲਾਵੈ॥* (ਪੰਨਾ 617)

ਇਹ ਸੁਭਾਗ ਫਿਰ ਕਦੋਂ ਮਿਲੇਗਾ?

ਭਾਈ ਵੀਰ ਸਿੰਘ ਨੇ ਇਕ ਵਾਰ ਲਿਖਿਆ ਸੀ ਕਿ ਜਦੋਂ ਵੀ ਕੋਈ ਸੰਕਟ ਆਵੇ ਯਾਂ ਵਿਛੋੜਾ ਪਵੇ ਯਾਂ ਮਹਿਸੂਸ ਹੋਵੇ ਤਾਂ ਆਪਣੀ ਖੋਜ ਸ਼ੁਰੂ ਕਰ ਦੇਣੀ ਚਾਹੀਦੀ ਹੈ ਕਿ ਜ਼ਰੂਰ ਮੇਰੇ ਕੋਲੋਂ ਕੋਈ ਅਵੱਗਿਆ ਹੋਈ ਹੋਵੇਗੀ। ਮੈਂ ਜ਼ਰੂਰ ਕੋਈ ਹੁਕਮਅਦੂਲੀ ਯਾਂ ਬੇਮੁਖਤਾ ਕਰ ਬੈਠਾ ਹੋਵਾਂਗਾ ਜਿਸਦਾ ਮੈਂ ਅਗਿਆਨਤਾ ਦੀ ਹਉਂ ਬੁਧੀ ਵਿਚ ਆਪੋ ਖਿਆਲ ਨਹੀਂ ਕਰ ਸਕਿਆ। ਸ਼ਾਇਦ ਅਨਜਾਨੇ ਵਿਚ ਹੋ ਗਈ ਹੋਵੇ। ਜਿਉਂ ਜਿਉਂ ਖੋਜ ਕਰਾਂਗੇ ਲੋੜ ਲਵਾਂਗੇ ਕਿ ਮੈ ਕੀ ਝੱਲ ਮਾਰਿਆ ਹੈ (ਪਰ ਮੈ ਮੰਦਭਾਗੀ ਖੋਜ ਖੋਜ ਕੇ ਵੀ ਨਹੀਂ ਲੋੜ ਪਾਈ ਕਿ ਹੁਣ ਮੈ ਕੀ ਝੱਲ ਮਾਰ ਬੈਠੀ ਹਾਂ ਭਾਵੇਂ ਅਵਗੁਨ ਭਰਪੂਰ ਹਾਂ ਤੇ ਮੰਨਦੀ ਵੀ ਹਾਂ ਮੇਰੇ ਗੁਨਾਹਾਂ ਦਾ ਕੋਈ ਅੰਤ ਨਹੀਂ ਪਰ ਇਹ ਸਭ ਕੁਛ ਹੁੰਦਿਆਂ ਵੀ ਸਾਹਿਬਾਂ ਦੀ ਲਗਾਤਾਰ ਰਹਿਮਤ ਮਾਣ ਰਹੀ ਸਾਂ। ਖੈਰ ਕਿਸੇ ਵੇਲੇ ਤਾਂ ਪਤਾ ਲੱਗ ਹੀ ਜਾਏਗਾ, ਖੋਜ ਕਰਦੀ ਜਾ ਰਹੀ ਹਾਂ ਤੇ ਵਿਛੋੜੇ ਪਰ ਪਰੇਸ਼ਾਨ ਹੋ ਰਹੀ ਹਾਂ।

ਭਾਈ ਸਾਹਿਬ ਅੱਗੇ ਕਹਿੰਦੇ ਹਨ ਕਿ ਇਕ ਵੇਲਾ ਆਏਗਾ ਕਿ ਆਪਣੇ ਆਪ ਪਤਾ ਲੱਗੇਗਾ ਜਿਹੜਾ ਸੰਕਟ, ਜਿਹੜਾ ਵਿਛੋੜਾ ਆਇਆ ਸੀ ਇਹ ਤਾਂ ਮੇਰੇ ਭਲੇ ਦਾ ਸੀ, ਇਹ ਤਾਂ ਬਹੁਤ ਚੰਗਾ ਸੁਨੇਹਾ ਲਿਆਇਆ ਤੇ ਅਸੀਂ ਹੋਰ ਗੁਰੂ ਦੇ ਚਰਨਾਂ ਵਿਚ ਨੇੜੇ ਹੋ ਜਾਵਾਂਗੇ। ਇਸ ਵਾਰ ਦਾ ਤਾਂ ਪਤਾ ਨਹੀ, ਪਰ ਇਹ ਮੈਨੂੰ ਪਤਾ ਹੈ ਕਿ ਦੋ ਸਾਲ ਦੇ ਅਤਿਅੰਤ ਦੁਖ ਭਰੇ depression ਨੇ ਗੁਰੂ ਦੀ ਰਹਿਮਤ ਦਾ ਐਸਾ ਮੋੜ ਲਿਆਂਦਾ ਕਿ 32 ਸਾਲਾਂ ਤੋਂ ਮੈਂ ਇਹੋ ਕਹੀ ਜਾ ਰਹੀ ਹਾਂ ਕਿ ਸ਼ੁਕਰ ਹੈ ਸਾਹਿਬਾਂ ਦਾ ਮੈਨੂੰ depression ਦਿੱਤਾ। ਜਦੋਂ ਤੱਕ ਇਹ ਸਮਝ ਨਹੀਂ ਆ ਜਾਂਦੀ ਕਿ ਸਿਫਤ-ਸਲਾਹ ਕਰਨ ਦੀ ਲਗਾਤਾਰ ਰਹਿਮਤ ਵਿਚ ਇਹ ਰੁਕਾਵਟ ਵੀ ਮੇਰੇ ਭਲੇ ਲਈ ਆਈ ਹੈ ਉਦੋਂ ਤੱਕ ਮੈਂ ਗੁਰੂ ਅਰਜਨ ਦੇਵ ਜੀ ਦੀ ਜ਼ੁਬਾਨ ਵਿਚ ਇਹ ਮਿੰਨਤਾਂ ਕਰਦਾ ਰਹਾਂਗਾ। ਤੇ ਫਿਰ ਜਦ ਤੇਰੀ ਹਜ਼ੂਰੀ ਵਿਚ ਮਨ "ਖਿੜਿਆ ਹਰਿਆ ਬਾਗ" ਤੇਰੇ ਗੁਣ ਗਾਉਂਦਿਆਂ ਕਿਹਾ ਕਰੇਗਾ ਤਾਂ ਆਪਣੇ ਸਾਥੀਆਂ ਨਾਲ ਫਿਰ ਰਸਿਕ-ਰਸਿਕ ਗਾਇਆ ਕਰਾਂਗਾ।

*ਮੋਹਨ ਘਰਿ ਆਵਹੁ ਕਰਉ ਜੋਦਰੀਆ॥* (ਪੰਨਾ 1209)

ਸੱਚੇ ਪਾਤਸ਼ਾਹ ਮੇਰੀਆਂ ਮਿੰਨਤਾਂ ਸੁਣੋ, ਘਰ ਆ ਜਾਉ, ਗਲਤੀ ਹੋ ਗਈ, ਭੁਲ ਗਈ, ਆਕੜ ਕਰ ਬੈਠੀ, ਹੰਕਾਰ ਵਿਚ ਭੁਲ ਕਰ ਬੈਠੀ ਪਰ ਹਾਂ ਤਾਂ ਤੁਹਾਡੀ ਗੁਲਾਮ ਹੀ। ਸੁਣਦੀ ਹਾਂ ਤੁਸੀਂ ਨੇੜੇ ਹੋ ਪਰ ਵੇਖ ਨਹੀਂ ਪਾਂਦੀ, ਆਪਣੇ ਗੁਨਾਹਾਂ ਦੇ ਭਰਮ ਵਿਚ ਦੁਖੀ ਹਾਂ। ਮੈਨੂੰ ਯਕੀਨ ਹੈ ਆਪਣੀ ਕਿਰਪਾਲਤਾ ਨਾਲ ਪਰਦਾ ਦੂਰ ਕਰ ਦਿਓਗੇ ਤੇ ਮੈਂ ਆਪ ਨੂੰ ਮਿਲ ਕੇ ਹਰੀ ਭਰੀ ਹੋ ਜਾਵਾਂਗੀ। ਇਕ ਨਿਮਖ ਵਿਸਰਦੇ ਹੋ ਤਾਂ ਲੱਗਦਾ ਹੈ ਕਰੋੜਾਂ ਦਿਨ, ਲੱਖਾਂ ਸਾਲ ਹੋ ਗਏ। ਫਿਰ ਜਦੋਂ ਸਾਧ ਸੰਗਤ ਬਖਸ਼ੋਗੇ ਤਾਂ ਮੈਂ ਪ੍ਰਭੂ ਨਾਲ ਮਿਲੀ ਰਹਾਂਗੀ। ਪ੍ਰਭੂ ਜੀ ਮੇਰੇ ਗੁਨਾਹਾਂ ਵੱਲ ਦੇਖ ਕੇ ਛੱਡ ਨਾ ਦੇਣਾ, ਮੇਰਾ ਹੋਰ ਕੋਈ ਵੀ ਨਹੀਂ, ਵੇਖ ਲਉ ਮੈਨੂੰ 15 ਦਿਨ ਦਾ ਰਸਿਕ ਰਸਿਕ ਗੁਣ ਨਾ ਗਾ ਸਕਣ ਦਾ ਵਿਛੋੜਾ 15 ਹਜ਼ਾਰ ਸਾਲ ਦਾ ਵਿਛੋੜਾ ਲੱਗ ਰਿਹਾ ਹੈ, ਫਿਰ ਕਹਿੰਦੀ ਹਾਂ।

*ਤੋ ਸੋ ਨ ਨਾਥ ਅਨਾਥ ਨ ਮੋ ਸਰਿ॥*

(ਸਵੈਯਾ, ਭਾਈ ਗੁਰਦਾਸ ਜੀ, 528)

# ਉਤਪਤਿ ਪਰਲਉ ਸਬਦੇ ਹੋਵੈ, ਸਬਦੇ ਹੀ ਫਿਰਿ ਓਪਤਿ ਹੋਵੈ ॥

ਮਹਲਾ ੩, ਪੰਨਾ ੧੧੭


**ਭਾਈ ਕਰਮ ਸਿੰਘ ਰਤਨ**

3121, ਗਲੀ 3, ਨਵੀਂ ਸ਼ਿਮਲਾ ਕਲੋਨੀ,
ਨੇੜੇ ਕੈਲਾਸ਼ ਨਗਰ, ਲੁਧਿਆਣਾ 141 007


ਸ਼ਬਦ ਦਾ ਦੂਜਾ ਨਾਮ ਹੈ ਆਵਾਜ਼, ਜਦੋਂ *ਅਰਬਦ ਨਰਬਦ ਧੁੰਧੂਕਾਰਾ। ਧਰਣ ਨਾ ਗਗਨਾ ਹੁਕਮ ਅਪਾਰਾ॥*

*ਨਾ ਦਿਨ ਰੈਣਿ ਨ ਚੰਦ ਨ ਸੂਰਜ, ਨਦੀ ਨ ਨੀਰ ਵਹਾਇਦਾ॥*

(ਮ:੧ ਪੰਨਾ ੧੦੩੫)

ਅਰਥਾਤ- ਜਦੋਂ ਸਭ ਪਾਸੇ ਹਨੇਰਾ, ਅੰਧੇਰਾ ਤੇ ਧੁਧੂੰਕਾਰ ਸੀ, ਅੰਧਕਾਰ ਸੀ, ਨਾ ਇਹ ਧਰਤੀ ਸੀ, ਨਾ ਗਗਨ ਆਕਾਸ਼ ਸੀ, ਨਾ ਸੂਰਜ ਸੀ, ਨਾ ਚੰਦ੍ਰਮਾ ਸੀ, ਨਾ ਦਿਨ ਸੀ, ਨਾ ਰਾਤ ਸੀ ਨਾ ਕੋਈ ਪਾਣੀ ਸੀ, ਨਾ ਨਦੀ ਸੀ, ਓਦੋਂ ਓਸ ਧੁੰਧ ਅੰਧਰੇ ਵਿਚੋਂ ਇਕ ਆਵਾਜ਼ ਪੈਦਾ ਹੋਈ, ਇਕ ਕਿਸਮ ਦਾ ਇਕ ਗੋਲਾ ਫਟਿਆ। ਜਿਸ ਵਿਚੋਂ ਬਹੁਤ ਜ਼ਬਰਦਸਤ ਜ਼ੋਰ ਦਾ ਧਮਾਕਾ ਹੋਇਆ। ਉਸ ਧਮਾਕੇ ਵਿਚੋਂ ਜੋ ਆਵਾਜ਼ ਪੈਦਾ ਹੋਈ। ਉਸ ਦਾ ਨਾਮ ਹੈ ਸ਼ਬਦ, ਓਹ ਜੋ ਆਵਾਜ਼ ਸੀ ਓਹ ਜੋ ਧਮਾਕਾ ਹੋਇਆ ਸੀ, ਉਸ ਦੇ ਵਿਚੋਂ ਅਨੇਕਾਂ ਲੱਖਾਂ ਕਰੋੜਾਂ ਅਰਬਾਂ ਖਰਬਾਂ ਸੂਰਜ ਪੈਦਾ ਹੋਏ। ਅਨੰਤ ਨਾ ਗਿਣੇ ਜਾਣ ਵਾਲੇ ਸੂਰਜ ਪੈਦਾ ਹੋ ਗਏ। ਅਤੇ ਓਸ ਧਮਾਕੇ ਦੀ ਜੋ ਆਵਾਜ਼ ਸੀ। ਓਹ ਇਤਨੀ ਜ਼ਬਰਦਸਤ ਸੀ ਕਿ ਜਿਸ ਤਰ੍ਹਾਂ ਅਨੰਤ ਸੂਰਜ ਪੈਦਾ ਹੋਏ, ਓਹ ਆਵਾਜ਼ ਵੀ ਓਹਨਾਂ ਅਨੰਤ ਸੂਰਜਾਂ ਦੇ ਨਾਲ ਚਲੀ ਗਈ ਤੇ ਆਕਾਸ਼ ਪੁਲਾੜ ਵਿਚ ਜਿਤਨੇ ਖੰਡ ਬ੍ਰਹਿਮੰਡ ਹਨ, ਉਹਨਾਂ ਦੇ ਨਾਲ ਓਹ ਆਵਾਜ਼ ਵੀ ਸ਼ਬਦ ਵੀ ਹੈ ਤੇ ਜਦੋਂ ਤੱਕ ਇਹ ਅਨੰਤ ਖੰਡ ਬ੍ਰਹਿਮੰਡ ਰਹਿਣਗੇ, ਇਹ ਆਵਾਜ਼ ਵੀ ਇਹਨਾਂ ਨਾਲ ਸਦਾ ਹੀ ਰਹੇਗੀ ਅਤੇ ਓਹੀ ਆਵਾਜ਼ ਓਹੀ ਸ਼ਬਦ ਸ੍ਰਿਸ਼ਟੀ ਦੇ ਹਰ ਜੀਵ ਚੋਂ ਹਰ ਥਾਂ ਨਿਕਲ ਰਹੀ ਹੈ। ਬੋਲ ਰਹੀ ਹੈ। ਜਿਸ ਨੂੰ ਅਸੀਂ ਆਹਤ ਨਾਦ ਅਨਾਹਤ ਨਾਦ ਕਹਿੰਦੇ ਹਾਂ, ਸਭ ਓਹੀ ਆਵਾਜ਼ ਹੈ। ਜੋ ਆਵਾਜ਼ ਬਿਨਾਂ ਕਿਸੇ ਟਕਰਾਅ ਤੋਂ ਵੀ ਪੈਦਾ ਹੋ ਰਹੀ ਹੈ ਤੇ ਵਸਤੂਆਂ ਦੇ ਟਕਰਾਅ ਤੋਂ ਵੀ ਪੈਦਾ ਹੋ ਰਹੀ ਹੈ। ਬੱਦਲਾਂ ਦੀ ਗਰਜ਼ ਤੋਂ, ਬਾਰਸ਼ ਦੇ ਪੈਣ ਤੇ, ਪਾਣੀ ਦੇ ਝਰਨਿਆਂ ਤੋਂ, ਸਮੁੰਦਰ ਦੀਆਂ ਛਲਾਂ ਤੋਂ, ਹਵਾ ਦੇ ਵਗਣ ਦੀ ਆਵਾਜ਼, ਹਵਾ ਨਾਲ ਦਰਖਤਾਂ ਦੇ ਝੂਲਣ ਤੋਂ ਆਵਾਜ਼, ਜੰਗਲੀ ਜਾਨਵਰਾਂ ਚੌਪਾਇਆਂ ਜੀਵਾਂ ਦੀ, ਆਵਾਜ਼ (ਪੰਛੀਆਂ ਦੀ) ਸਾਜ਼ਾਂ ਦੀ ਆਵਾਜ਼, ਤਾਲ ਦੇਣ ਵਾਲੇ, ਸਾਜ਼, ਡਮਰੂ, ਡੱਫ ਮ੍ਰਿਦੰਗ, ਢੋਲਕ, ਤਬਲਾ, ਛੈਣੇ, ਕੈਂਸੀਆਂ, ਚਿਮਟੇ, ਵਾਜੇ, ਬੰਸਰੀਆਂ, ਨਫ਼ੀਰੀਆਂ, ਬੈਂਡ ਵਾਜੇ, ਸਿਤਾਰਾਂ ਸਰੋਦਾਂ, ਤਾਊਸਾਂ, ਦਿਲਰੁਬਾਵਾਂ, ਵਾਈਲਨਾਂ ਹੋਰ ਅਨੇਕਾਂ ਹੀ ਸਾਜ਼ ਹਨ ਜੋ ਗਿਣੇ ਨਹੀਂ ਜਾਂਦੇ ਜਿਸ ਤਰ੍ਹਾਂ ਕੁਦਰਤ ਦੇ ਬਣਾਏ ਇਹ ਖੰਡ ਬ੍ਰਹਿਮੰਡ ਨਹੀਂ ਗਿਣੇ ਜਾਂਦੇ, ਇਸੇ ਤਰ੍ਹਾਂ ਇਹ ਸਾਜ਼ ਤੇ ਆਵਾਜਾਂ ਕਿਤਨੇ ਕੁ ਹਨ ਨਹੀਂ ਗਿਣੇ ਜਾਂਦੇ।

ਅਤੇ ਇਹ ਜੋ ਧਮਾਕਾ ਹੋਇਆ ਸੀ, ਉਸ ਵਿਚੋਂ ਜੋ ਆਵਾਜਾਂ ਪੈਦਾ ਹੋਈ ਸੀ, ਉਸਦੇ ਅੱਖਰ ਬੋਲ ਇਹ ਸਨ ਓਅੰਕਾਰ - ਸਬੂਤ ਗੁਰੂ ਬਾਣੀ ਵਿਚੋਂ ਹੈ।

*ਓਅੰਕਾਰ ਬ੍ਰਹਮਾ ਉਤਪਤਿ।*
*ਓਅੰਕਾਰ ਕੀਆ ਜਿਨ ਚਿਤ॥*
*ਓਅੰਕਾਰ ਸੈਲ ਜੁਗ ਭਏ।*
*ਓਅੰਕਾਰ ਬੇਦ ਨਿਰਮਏ॥*

ਜਾਂ ਫਿਰ

*ਪ੍ਰਣਵੋ ਆਦਿ ਏਕੰਕਾਰਾ।*
*ਜਲ ਥਲ ਮਹੀਅਲਿ ਕੀਓ ਪਸਾਰਾ॥ ਪਾ:੧੦॥*

ਅਤੇ ਜੋ ਸ਼ਬਦ ਉਦੋਂ ਜਿਹਨਾਂ ਅੱਖਰਾਂ ਵਿਚ ਪ੍ਰਗਟ ਹੋਏ, ਉਹੀ ਸ਼ਬਦ ਸਮਾ ਪਾ ਕੇ ਲਿਖਤ ਵਿਚ ਆ ਗਏ।

ਜੋ ਅਸੀਂ ਬੋਲਦੇ ਹਾਂ ਉਸ ਨੂੰ ਵੀ ਸ਼ਬਦ ਹੀ ਕਿਹਾ ਜਾਂਦਾ ਹੈ ਅਤੇ ਸ਼ਬਦ ਨੂੰ ਅਸੀਂ ਲਫ਼ਜ ਵੀ ਕਹਿੰਦੇ ਹਾਂ, ਲਫ਼ਜ ਉਰਦੂ ਜ਼ਬਾਨ ਵਿਚ ਕਿਹਾ ਜਾਂਦਾ ਹੈ ਤੇ ਹਿੰਦੀ ਵਿਚ ਸ਼ਬਦ ਕਿਹਾ ਜਾਂਦਾ ਹੈ ਅਤੇ ਸ਼ਬਦ ਚੰਗੇ ਵੀ ਹੁੰਦੇ ਹਨ ਤੇ ਮਾੜੇ ਵੀ ਹੁੰਦੇ ਹਨ। ਜਿਸ ਤਰ੍ਹਾਂ ਸਾਨੂੰ ਕੋਈ ਅੱਛੇ ਅਤੇ ਚੰਗੇ ਸ਼ਬਦਾਂ ਨਾਲ, ਇੱਜ਼ਤ ਦੇਣ ਵਾਲੇ ਸ਼ਬਦਾਂ ਨਾਲ ਸੰਬੋਧਨ ਕਰਦਾ ਹੈ ਜਾਂ ਸਾਡੀ ਕੋਈ ਤਾਰੀਫ ਕਰਦਾ ਹੈ। ਜਾਂ ਅਸੀਂ ਕਿਸੇ ਦੀ ਤਾਰੀਫ ਕਰਦੇ ਹਾਂ। ਤਾਂ ਅਸੀਂ ਕਹਿੰਦੇ ਹਾਂ ਕਿ ਤੁਹਾਡੀ ਤਾਰੀਫ ਕਰਨ ਲਈ ਮੇਰੇ ਕੋਲ ਸ਼ਬਦ ਨਹੀਂ ਹਨ। ਜਾਂ ਤੁਸੀਂ ਮੇਰੇ ਲਈ ਬਹੁਤ ਅੱਛੇ ਬਹੁਤ ਚੰਗੇ ਸ਼ਬਦ ਵਰਤੇ ਹਨ। ਇਸ ਲਈ ਧੰਨਵਾਦ।

ਜਾਂ ਫਿਰ ਜਦੋਂ ਕੋਈ ਸਾਨੂੰ ਮਾੜੇ ਸ਼ਬਦ ਨਾਲ ਸੰਬੋਧਨ ਕਰਦਾ ਹੈ ਜਾਂ ਸਾਡੀ ਨਿੰਦਿਆ ਕਰਦਾ ਹੈ। ਤਾਂ ਅਸੀਂ ਉਸ ਨੂੰ ਕਹਿੰਦੇ ਹਾਂ ਕਿ ਜੋ ਸ਼ਬਦ ਤੁਸੀਂ ਮੇਰੇ ਵਾਸਤੇ ਵਰਤੇ ਹਨ ਉਹ ਆਪਣੇ ਸ਼ਬਦ ਤੁਸੀਂ ਵਾਪਸ ਲਵੋ। ਇਹ ਸ਼ਬਦ ਤੁਸੀਂ ਮੈਨੂੰ ਕਿਉਂ ਵਰਤੇ ਹਨ। ਤਾਂ ਇਸ ਦਾ ਅਰਥ ਹੈ ਕਿ ਜੋ ਵੀ ਅਸੀ ਬੋਲਦੇ ਹਾਂ। ਉਹ ਸ਼ਬਦ ਹਨ ਅਤੇ ਜਿਤਨੀਆਂ ਵੀ ਸੰਸਾਰ ਦੀਆਂ ਆਵਾਜਾਂ ਹਨ ਉਹ ਸ਼ਬਦ ਹਨ ਅਤੇ ਸ਼ਬਦ ਸ਼ੁਭ ਵੀ ਹੁੰਦੇ ਹਨ ਤੇ ਅਸ਼ੁਭ ਵੀ ਹੁੰਦੇ ਹਨ। ਜਿਨਾਂ ਨੂੰ ਅਸੀਂ ਅਪਸ਼ਬਦ ਵੀ ਕਹਿੰਦੇ ਹਾਂ। ਜਿਸ ਤਰ੍ਹਾਂ ਕਿਸੇ ਦੇ ਬੋਲੇ ਹੋਏ ਸ਼ਬਦ ਦੂਜੇ ਦੇ ਮਨ ਤੇ ਗਹਿਰਾ ਅਸਰ ਛੱਡਦੇ ਹਨ। ਕੋਈ ਸੇਧ ਦਿੰਦੇ ਹਨ ਕੋਈ ਸਿੱਖਿਆ ਦੇਂਦੇ ਹਨ ਅਤੇ ਕਈਆਂ ਦੇ ਬੋਲੇ ਹੋਏ ਸ਼ਬਦ ਐਵੇਂ ਅਜਾਈ ਚਲੇ ਜਾਂਦੇ ਹਨ। ਜਿਹਨਾਂ ਦਾ ਕੋਈ ਅਰਥ ਹੀ ਨਹੀਂ ਹੁੰਦਾ। ਉਹਨਾਂ ਸ਼ਬਦਾਂ ਦਾ ਕੋਈ ਵੀ ਨਿਸ਼ਾਨ ਨਹੀਂ ਰਹਿ ਜਾਂਦਾ ਅਤੇ ਜੋ ਸ਼ਬਦ ਕੋਈ ਸਿੱਖਿਆ ਦਿੰਦੇ ਹਨ। ਕੋਈ ਰਸਤਾ ਦੱਸਦੇ ਹਨ। ਉਹਨਾਂ ਸ਼ਬਦਾਂ ਨੂੰ ਹੀ ਗੁਰੂ ਕਿਹਾ ਜਾਂਦਾ ਹੈ। ਅਰਥਾਤ ਗੁ ਹਨੇਰੇ ਵਿਚ ਰੂ ਪ੍ਰਕਾਸ਼ ਕਰਨ ਵਾਲਾ ਰਸਤਾ ਦੱਸਣ ਵਾਲਾ (ਗੁਰੂ) ਅਤੇ ਸ਼ਬਦ ਦਾ ਹੀ ਦੂਜਾ ਨਾਮ ਹੈ ਵਾਣੀ ਜਾਂ ਬਾਣੀ ਅਰਥਾਤ ਉਚਾਰਨ, ਸੋ ਇਸੇ ਲਈ ਅਸੀਂ ਕਹਿੰਦੇ ਹਾਂ ਕੇ ਬਾਣੀ ਹੀ, ਸ਼ਬਦ ਹੀ ਗੁਰੂ ਹੈ। ਅਤੇ ਗੁਰੂ ਸੰਸਕ੍ਰਿਤ ਦਾ ਸ਼ਬਦ ਹੈ। ਤੇ ਗੁਰੂ ਦੇ ਅੱਖਰੀ ਅਰਥ ਹਨ, ਮਾਸਟਰ ਜਾਂ ਟੀਚਰ, ਗਿਆਨ ਦੇਣ ਵਾਲਾ, ਰਸਤਾ ਦੱਸਣ ਵਾਲਾ, ਪੜ੍ਹਾਉਣ ਵਾਲਾ ਹੁੰਦਾ ਹੈ। ਮਾਸਟਰ, ਟੀਚਰ, ਗੁਰੂ, ਉਸਤਾਦ।

ਸੋ ਜੋ ਸ਼ਬਦ ਮਹਾਨ ਆਤਮਾਵਾਂ ਮਹਾਨ ਵਿਅਕਤੀਆਂ ਦੇ ਮੁੱਖ ਤੋਂ ਨਿਕਲਦੇ ਹਨ। ਉਹੀ ਸ਼ਬਦ ਗੁਰੂ ਦਾ ਰੂਪ ਧਾਰਨ ਕਰਦੇ ਹਨ। ਅਰਥਾਤ ਜੋ ਸ਼ਬਦ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਮ ਗੁਰੂ ਗੋਬਿੰਦ ਸਿੰਘ ਜੀ ਦੇ ਮੁੱਖ ਤੋਂ ਉਚਾਰਨ ਹੋਏ ਜਾਂ ਜਿਹੜੇ ਸ਼ਬਦ ਭਗਤਾਂ ਦੇ ਮੁਖ ਤੋਂ ਨਿਕਲੇ, ਉਹਨਾਂ ਸ਼ਬਦਾਂ ਨੂੰ ਹੀ ਅਸੀਂ ਗੁਰੂ ਮੰਨਦੇ ਹਾਂ। ਕਿਉਂਕਿ ਉਹ ਸ਼ਬਦ ਕੋਈ ਸਿੱਖਿਆ ਦੇਂਦੇ ਹਨ। ਕੋਈ ਰਸਤਾ ਦੱਸਦੇ ਹਨ। ਮਨੁੱਖ ਨੂੰ ਚੰਗੀ ਸਿੱਖਿਆ ਦਿੰਦੇ ਹਨ। ਹਰ ਇਨਸਾਨ ਨੂੰ ਜੀਵਨ ਜੀਣ ਦਾ ਚੰਗਾ ਰਾਹ ਸਮਝਾਉਂਦੇ ਹਨ ਅਤੇ ਉਹੀ ਉਚਾਰਨ ਕੀਤੇ ਹੋਏ ਸ਼ਬਦ ਹੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਬਿਰਾਜਮਾਨ ਹਨ।

ਹੁਣ ਅਸੀਂ ਦੇਖਦੇ ਹਾਂ ਕਿ ਸਾਡੇ ਕਈ ਸੰਤ ਮਹਾਂਪੁਰਸ਼ ਇਸ ਗੱਲ ਦਾ ਪ੍ਰਚਾਰ ਕਰਦੇ ਹਨ ਕਿ ਸਰੀਰ ਤੋਂ ਬਿਨਾਂ, ਦੇਹ ਤੋਂ ਬਿਨਾਂ ਗੁਰੂ ਨਹੀ ਹੋ ਸਕਦਾ ਅਤੇ ਉਹ ਇਹ ਦਲੀਲ ਦਿੰਦੇ ਹਨ ਕਿ ਪਹਿਲੇ ਗੁਰੂ ਨਾਨਕ ਦਾ ਸਰੀਰ ਆਇਆ ਸੀ ਤੇ ਫਿਰ ਸ਼ਬਦ ਆਇਆ ਹੈ। ਇਸ ਲਈ ਦੇਹ ਧਾਰੀ ਤੋਂ ਬਿਨਾਂ ਗੁਰੂ ਨਹੀਂ ਹੋ ਸਕਦਾ। ਇਹ ਤਾਂ ਸਿਰਫ ਆਪਣੇ ਆਪ ਨੂੰ ਗੁਰੂ ਸਾਬਤ ਕਰਨ ਲਈ ਇਕ ਪਾਖੰਡੀ ਦਲੀਲ ਹੈ।

ਇਤਿਹਾਸ ਪੜ੍ਹਨ ਤੇ ਪਤਾ ਲੱਗਦਾ ਹੈ ਕਿ ਜਦੋਂ ਸਤਿਗੁਰੂ ਨਾਨਕ ਦੇਵ ਜੀ ਨੇ ਭਾਈ ਲੈਹਣਾ ਜੀ ਨੂੰ ਅੰਗਦ ਬਣਾ ਕਿ ਗੁਰਤਾ ਗੱਦੀ ਦੇ ਦਿੱਤੀ ਸੀ ਤਾਂ ਉਦੋਂ ਕੁਝ ਸਮਾਂ ਗੁਰੂ ਨਾਨਕ ਪਾਤਸ਼ਾਹ ਜੀ ਦਾ ਸਰੀਰ ਕਰਤਾਰਪੁਰ ਵਿਖੇ ਬਿਰਾਜਮਾਨ ਸੀ ਅਤੇ ਜਦੋਂ ਕੋਈ ਸਿੱਖ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਕਰਨ ਆਉਂਦਾ ਸੀ ਤਾਂ ਬਾਬਾ ਜੀ ਉਸ ਨੂੰ ਸਮਝਾਉਂਦੇ ਸਨ ਕਿ ਭਾਈ (ਗੁਰੂ ਕਾ ਸ਼ਬਦ ਅੰਗਦ ਕੇ ਹੀਏ ਮਾਹਿ) ਹੁਣ ਸ਼ਬਦ ਗੁਰੂ, ਗੁਰੂ ਅੰਗਦ ਦੇਵ ਜੀ ਦੇ ਹਿਰਦੇ ਵਿਚ ਹੈ। ਅਤੇ ਗੁਰੂ, ਗੁਰ ਅੰਗਦ ਦੇਵ ਜੀ ਹਨ। ਸੋ ਇਸ ਦਾ ਅਰਥ ਇਹ ਹੋਇਆ ਕਿ ਸ਼ਬਦ ਹੀ ਗੁਰੂ ਹੈ। ਇਹ ਜੋ ਧੁਨ ਹੈ ਆਵਾਜ਼ ਹੈ। ਬਾਣੀ ਹੈ ਨਾਨਕ ਵਿਅਕਤੀ ਦੀ ਨਹੀਂ, ਇਹ ਬਾਣੀ ਪ੍ਰਮਾਤਮਾ ਦੀ ਹੈ। ਜੋ ਕਿ ਗੁਰੂ ਨਾਨਕ ਜੀ ਦੇ ਮੁਖ ਤੋਂ ਪ੍ਰਗਟ ਹੋਈ ਹੈ ਅਤੇ ਇਸ ਦਾ ਪ੍ਰਮਾਣ ਬਾਬਾ ਜੀ ਆਪ ਦਿੰਦੇ ਹਨ।

*ਜੈਸੀ ਮੈਂ ਆਵੈ ਖਸਮ ਕੀ ਬਾਣੀ।*
*ਤੈਸੜਾ ਕਰੀ ਗਿਆਨ ਵੇ ਲਾਲੋ॥* (ਪੰਨਾ ੧੨੨)
*ਹਉ ਆਪਹੁ ਬੋਲਿ ਨ ਜਾਣਾ।*
*ਮੈ ਕਹਿਆ ਸਭ ਹੁਕਮਾਓ ਜੀਉ॥* (ਪੰਨਾ ੧੯੩)
*ਜੈਸੋ ਗੁਰ ਉਪਦੇਸਿਆ ਮੈ।*
*ਤੈ ਸੋ ਕਹਿਆ ਪੁਕਾਰ॥* (ਪੰਨਾ ੨੧੪)
*ਜਿਮ ਤਿਨ ਕਹੀ ਤਿਮੈ ਤਿਮ ਕਹਿਹੋ।*
*ਔਰ ਕਿਸੂ ਤੇ ਬੈਰ ਨ ਗਹਿਹੋ॥* (ਪਾ:੧੦)

ਦਸਮ ਪਾਤਸ਼ਾਹ ਆਪ ਫੁਰਮਾਨ ਕਰਦੇ ਹਨ।

*ਹਮ ਇਹ ਕਾਜ ਜਗਤ ਮੋ ਆਏ॥*
*ਧਰਮ ਹੇਤ ਗੁਰਦੇਵ ਪਠਾਏ॥*
*ਯਾਹੀ ਕਾਜ ਧਰਾ ਹਮ ਜਨਮੰ।*
*ਸਮਝ ਲੇਹੁ ਸਾਧੂ ਸਭ ਮਨਮੰ॥*
*ਧਰਮ ਚਲਾਵਨ ਸੰਤ ਉਬਾਰਨ।*
*ਦੁਸਟ ਸਭਨ ਕੋ ਮੂਲ ਉਪਾਰਨ॥*
*ਜੋ ਹਮ ਕੋ ਪ੍ਰਮੇਸਰ ਉਚਰ ਹੈ।*
*ਤੇ ਸਭ ਨਰਕ ਕੁੰਡ ਮੈ ਪਰਿ ਹੈ॥*

*ਮੋ ਕੋ ਦਾਸ ਤਵਨ ਕਾ ਜਾਨੋ।*
*ਯਾ*
*ਮਹਿ ਭੇਦ ਨ ਰੰਚ ਪਛਾਨੋ॥*
*ਮੈ ਹੋ ਪਰਮ ਪੁਰਖ ਕੋ ਦਾਸਾ।*
*ਦੇਖਨ ਆਯੋ ਜਗਤ ਤਮਾਸਾ॥*
(ਪਾ:੧੦ ਸਚਿਤ੍ਰ ਨਾਟਕ)

ਸੋ ਇਸ ਦਾ ਅਰਥ ਹੈ ਕਿ ਵਿਅਕਤੀ ਗੁਰੂ ਨਹੀਂ। ਗੁਰੂ ਨਾਨਕ ਵਿਅਕਤੀ ਗੁਰੂ ਨਹੀ। ਬਲਕਿ ਸ਼ਬਦ ਗੁਰੂ ਹੈ। ਉਹ ਸ਼ਬਦ ਜੋ ਗੁਰੂ ਨਾਨਕ ਦੀ ਆਤਮਾ ਦੇ ਅੰਦਰ ਆਇਆ ਉਹੀ ਗੁਰੂ ਹੈ ਕਿ ਗੁਰੂ ਸਾਹਿਬ ਆਪ ਫ਼ੁਰਮਾਨ ਕਰਦੇ ਹਨ।

*ਬਾਣੀ ਗੁਰੂ, ਗੁਰੂ ਹੈ ਬਾਣੀ,*
*ਵਿਚਿ ਬਾਣੀ ਅੰਮ੍ਰਿਤ ਸਾਰੇ॥*
*ਗੁਰਬਾਣੀ ਕਹੈ ਸੇਵਕ ਜਨ ਮਾਨੈ*
*ਪ੍ਰਤਖਿ ਗੁਰੂ ਨਿਸਤਾਰੇ॥* (ਪੰਨਾ ੯੮੨)।

ਗੁਰੂ ਸਾਹਿਬ ਆਪ ਕਹਿੰਦੇ ਹਨ ਕਿ ਅਸੀ ਗੁਰੂ ਨਹੀਂ, ਜੋ ਸਾਨੂੰ ਖਸਮ ਹੁਕਮ ਕਰਦਾ ਹੈ। ਉਹੀ ਅਸੀਂ ਅੱਗੋਂ ਤੁਹਾਨੂੰ ਸੁਣਾਉਂਦੇ ਹਾਂ। ਸੋ ਜੋ ਗੁਰੂ ਸ਼ਬਦ ਹੈ, ਗੁਰੂ ਟੀਚਰ ਹੈ, ਉਸਤਾਦ ਹੈ ਤੇ ਅਸੀ ਸਾਰੇ ਸਿੱਖ ਹਾਂ ਸਿਖਿਆਰਥੀ, ਵਿਦਿਆਰਥੀ ਹਾਂ ਅਤੇ ਗੁਰੂ ਦਾ ਕੰਮ ਹੈ ਸਿੱਖਿਆ ਦੇਣੀ।

ਅਤੇ ਸਿੱਖਿਆ ਦੇਣ ਲਈ ਕਈ ਵਾਰ ਗੁਰੂ ਟੀਚਰ ਬੱਚਿਆਂ ਨੂੰ ਡਾਂਟਦਾ ਵੀ ਹੈ, ਤਾੜਦਾ ਵੀ ਹੈ, ਤੇ ਮਾਰਦਾ ਵੀ ਹੈ ਤੇ ਪਿਆਰ ਨਾਲ ਡਾਂਟਦਾ ਵੀ ਹੈ। ਸਤਕਾਰਦਾ ਵੀ ਹੈ। ਤੇ ਪਿਆਰ ਨਾਲ ਬੱਚੇ ਦਾ ਗੁਰੂ ਪਿਤਾ ਲਾਡ ਵੀ ਕਰਦਾ ਹੈ ਤੇ ਮਾਂ ਦੀ ਮਮਤਾ ਵੀ ਦੇਂਦਾ ਹੈ ਅਤੇ ਜਦੋਂ ਸ਼ਬਦ ਗੁਰੂ ਡਾਂਟਦਾ ਹੈ ਤਾਂ ਹੁਕਮ ਕਰਦਾ ਹੈ।

*ਬੁਰੇ ਕਾਮ ਕਉ ਊਠ ਖਲੋਇਆ।*
*ਨਾਮ ਕੀ ਬੇਲਾ ਪੈ ਪੈ ਸੋਇਆ॥* (ਪੰਨਾ ੭੩੮)
*ਚਿਤਵਤ ਪਾਪ ਨਾ ਆਲਕ ਆਵੈ।*
*ਬੇਸੁਆ ਭਜਤ ਕਿਛ ਨਹ ਸਰਮਾਵੈ॥*
*ਸਾਰੋ ਦਿਨਸ ਮਜੂਰੀ ਕਰੈ।*
*ਹਰਿ ਸਿਮਰਨ ਕੀ ਵੇਲਾ*
*ਬਜਰ ਸਿਰ ਪਰੈ॥* (ਪੰਨਾ ੧੧੪੩)
*ਪੰਡੀਆ ਕਵਨ ਕੁਮਤ ਤੁਮ ਲਾਗੇ।*
*ਬੂਡਹੁਗੇ ਪਰਵਾਰ ਸਕਲ ਸਿਉ।*
*ਰਾਮ ਨ ਜਪਹੁ ਅਭਾਗੇ॥* (ਪੰਨਾ ੧੧੦੨)
*ਰੈਣਿ ਗਵਾਈ ਸੋਇ ਕੈ।*
*ਦਿਵਸ ਗਵਾਇਆ ਖਾਇ॥*
*ਹੀਰੇ ਜੈਸਾ ਜਨਮ ਹੈ।*
*ਕਉਡੀ ਬਦਲੈ ਜਾਇ॥* (ਪੰਨਾ ੧੫੬)
*ਦੀਨ ਬਿਸਾਰਿਓ ਰੇ ਦੀਵਾਨੇ ਦੀਨ ਬਿਸਾਰਿਓ ਰੇ।*
*ਪੇਟ ਭਰਿਓ ਪਸੂਆ ਜਿਓ ਸੋਇਓ,*
*ਮਾਨੁਖ ਜਨਮ ਹੈ ਹਾਰਿਓ॥*
*ਸਾਧ ਸੰਗਤਿ ਕਬਹੂ ਨਹੀ ਕੀਨੀ।*
*ਰਚਿਓ ਧੰਧੈ ਝੂਠਿ॥*
*ਸੁਆਨ ਸੂਕਰ ਬਾਇਸ ਜਿਵੈ*
*ਭਟਕਤ ਚਾਲਿਓ ਊਠਿ॥*
*ਕਾਮੀ ਕ੍ਰੋਧੀ, ਚਾਤੁਰੀ, ਬਾਜੀਗਰ ਬੇਕਾਮ।*
*ਨਿੰਦਾ ਕਰਤੇ ਜਨਮ ਸਿਰਾਨੇ*
*ਕਬਹੂ ਨ ਸਿਮਓ ਰਾਮ॥* (ਪੰਨਾ .....)
*ਖਾਣਾ, ਪੀਣਾ, ਹਸਣਾ, ਸਉਣਾ*
*ਵਿਸਰ ਗਿਆ ਹੈ ਮਰਨਾ॥*
*ਖਸਮੁ ਵਿਸਾਰਿ ਖੁਆਰੀ ਕੀਨੀ*
*ਧ੍ਰਿਗ ਜੀਵਣ ਨਹੀ ਰਹਿਣਾ॥* (ਪੰਨਾ ੧੨੫੪)
*ਧ੍ਰਿਗ ਧ੍ਰਿਗ ਖਾਇਆ।*
*ਧ੍ਰਿਗ ਧ੍ਰਿਗ ਸੋਇਆ॥*
*ਧ੍ਰਿਗ ਧ੍ਰਿਗ ਕਾਪੜ ਅੰਗ ਚੜਾਇਆ।*
*ਧ੍ਰਿਗ ਸਰੀਰ ਕੁਟੰਬ ਸਹਿਤ ਸਿਉ॥*
*ਜਿਤ ਹੁਣ ਖਸਮੁ ਨ ਪਾਇਆ।*
*ਪਉੜੀ ਛੁੜਕੀ ਫਿਰਿ ਹਥਿ ਨ ਆਵੈ।*
*ਅਹਿਲਾ ਜਨਮੁ ਗਵਾਇਆ॥* (ਪੰਨਾ ੭੬੬)

ਇਸ ਤਰ੍ਹਾਂ ਦੇ ਅਨੇਕ ਸ਼ਬਦ ਹਨ ਜੋ ਸਾਨੂੰ ਡਾਂਟਦੇ ਹਨ ਤਾੜਦੇ ਹਨ ਤਾਂ ਕਿ ਅਸੀਂ ਕੁਰਾਹੇ ਨਾ ਪੈ ਜਾਈਏ। (ਸ਼ਬਦ ਗੁਰੂ ਪ੍ਰਮਾਤਮਾ) ਗਲਤੀ ਕਰਨ ਤੇ ਮਾਰਦਾ ਵੀ ਹੈ ਤੇ ਮੂੰਹ ਤੇ ਥੱਪੜ ਜਾਂ ਚਾਟਾ ਵੀ ਮਾਰਦਾ ਹੈ। ਉਹ ਕਿਵੇਂ, ਗਲਤੀ ਕਰਨ ਤੇ ਸਾਨੂੰ ਦੁਖ ਆ ਜਾਂਦੈ। ਗਲਤ ਖਾ ਲਿਆ, ਗਲਤ ਪੀ ਲਿਆ, ਸਰੀਰ ਦੁਖੀ ਹੋ ਗਿਆ, ਅਣਗਹਿਲੀ ਵਿਚ ਚਲਦਿਆਂ ਐਕਸੀਡੈਂਟ ਹੋ ਜਾਂਦੈ। ਹੋਰ ਕਈ ਬਿਪਤਾਵਾਂ ਆ ਜਾਂਦੀਆਂ ਹਨ। ਤੇ ਸਾਨੂੰ ਦੁਖ ਹੁੰਦਾ ਹੈ ਤੇ ਜਦੋਂ ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਅਸੀਂ ਦੁਖੀ ਤਾਂ ਹੀ ਹੋ ਰਹੇ ਹਾਂ ਕਿਉਂਕਿ ਅਸੀਂ ਗੁਰੂ ਸ਼ਬਦ ਟੀਚਰ ਦਾ ਕਹਿਣਾ ਨਹੀਂ ਮੰਨਿਆ। ਹੁਕਮ ਨਹੀ ਮੰਨਿਆ। ਤਾਂ ਜਦੋਂ ਅਹਿਸਾਸ ਹੋ ਜਾਏ ਕਿ ਮੇਰੀ ਇਹ ਗਲਤੀ ਹੈ ਤਾਂ ਫਿਰ ਸਿੱਖ ਵਿਦਿਆਰਥੀ ਗੁਰੂ ਪਿਤਾ ਤੋਂ ਖਿਮਾ ਮੰਗਣੀ ਚਾਹੁੰਦਾ ਹੈ। ਮਾਫੀ ਮੰਗਣੀ ਚਾਹੁੰਦਾ ਹੈ। ਪਰ ਗੁਰੂ ਤੋਂ ਮਾਫੀ ਕਿਵੇਂ ਮੰਗਣੀ ਹੈ। ਜਾਂ ਕਿਵੇਂ ਮੰਗਣੀ ਚਾਹੀਦੀ

ਹੈ ਇਸ ਨੂੰ ਇਹ ਪਤਾ ਹੀ ਨਹੀਂ ਤਾਂ ਫਿਰ ਸ਼ਬਦ ਗੁਰੂ ਆਪ ਹੀ ਅਗਵਾਈ ਕਰਕੇ ਸਾਨੂੰ ਆਪ ਹੀ ਮਾਫੀ ਮੰਗਣ ਦੀ ਜਾਚ ਸਿਖਾਉਣ ਵਾਸਤੇ ਵੀ ਆ ਜਾਂਦੈ। ਤੇ ਗੁਰੂ ਕਹਿੰਦਾ ਹੈ ਆ ਭਾਈ ਸਿੱਖਾ ਤੈਨੂੰ ਖਿਮਾ ਮੰਗਣ ਦੀ ਜਾਚ ਸਿਖਾਵਾਂ। ਤਾਂ ਸ਼ਬਦ ਗੁਰੂ ਸਾਨੂੰ ਸ਼ਬਦ ਦਿੰਦਾ ਹੈ।

*ਜੈਸਾ ਬਾਲਕ ਭਾਇ ਸੁਭਾਇ*
*ਲਖ ਅਪਰਾਧ ਕਮਾਵੈ॥*
*ਕਰ ਉਪਦੇਸ ਝਿੜਕੇ ਬਹੁ ਭਾਤੀ*
*ਬਹੁੜ ਪਿਤਾ ਗਲ ਲਾਵੈ॥*
*ਪਿਛਲੇ ਅਉਗਣ ਬਖਸਿ ਲਏ*
*ਪ੍ਰਭ ਆਗੈ ਮਾਰਗ ਪਾਵੈ॥* (ਪੰਨਾ ੬੨੪)
*ਪ੍ਰਭ ਕੀਜੈ ਕ੍ਰਿਪਾ ਨਿਧਾਨ*
*ਹਮ ਹਰਿ ਗੁਨ ਗਾਵਹਿਗੇ॥*
*ਹਉ ਤੁਮਰੀ ਕਰਉ ਨਿਤ ਆਸ*
*ਪ੍ਰਭ, ਮੋਹਿ ਕਬ ਗਲ ਲਾਵਹਿਗੇ॥*
*ਹਮ ਬਾਰਿਕ ਮੁਗਧ ਇਆਨ*
*ਪਿਤਾ ਸਮਝਾਵਹਿਗੇ॥*
*ਸੁਤ ਖਿਨ ਖਿਨ ਭੂਲ ਬਿਗਾਰ*
*ਜਗਤ ਪਿਤ ਭਾਵਹਿਗੇ॥* (ਪੰਨਾ ੧੩੨੧)
*ਹਮ ਬਾਰਿਕ ਕਛੂਆ ਨ ਜਾਨਹ ਗਤਿ ਮਿਤਿ ਤੇਰੇ*
*ਮੂਰਖ ਮੁਗਧ ਇਆਨਾ॥*
*ਹਰਿ ਕ੍ਰਿਪਾ ਧਾਰਿ ਦੀਜੈ ਮਤਿ ਊਤਮ*
*ਕਰਿ ਲੀਜੈ ਮੁਗਧ ਸਿਆਨਾ॥* (ਪੰਨਾ ੬੬੭)
*ਤੇਰੈ ਭਰੋਸੈ ਪਿਆਰੇ*
*ਮੈ ਲਾਡ ਲਡਾਇਆ॥*
*ਭੂਲਹਿ ਚੂਕਹਿ ਬਾਰਿਕ*
*ਤੂ ਹਰਿ ਪਿਤਾ ਮਾਇਆ॥* (ਪੰਨਾ ੫੧)

ਸੋ ਜਦੋਂ ਬੱਚਾ ਵਿਦਿਆਰਥੀ ਇਸ ਤਰ੍ਹਾਂ ਗਲਤੀ ਦੀ ਖਿਮਾ ਮੰਗਦਾ ਹੈ। ਤਾਂ ਗੁਰੂ ਪਿਤਾ ਫਿਰ ਬੜੇ ਹੀ ਮਿੱਠੇ ਸ਼ਬਦਾਂ ਵਿਚ ਇਸ ਨੂੰ ਝਿੜਕਦਾ ਵੀ ਹੈ। ਅਤੇ ਪਿਆਰ ਵੀ ਕਰਦਾ ਹੈ ਤੇ ਹੁਕਮ ਕਰਦਾ ਹੈ।

*ਦੁਖ ਦਾਰੂ ਸੁਖ ਰੋਗ ਭਇਆ*
*ਜਾ ਸੁਖਿ ਤਾਮਿ ਨ ਹੋਈ॥* (ਪੰਨਾ ੪੬੯)

ਹੇ ਬੱਚੇ ਜਿਹੜਾ ਤੈਨੂੰ ਦੁਖ ਆਇਆ ਹੈ। ਉਹ ਗੁਰੂ ਪਿਤਾ ਨੇ ਤੈਨੂੰ ਕੰਨੋਂ ਫੜ ਕੇ ਜਗਾਇਆ ਹੈ ਤੇ ਹਲਕੀ ਜਿਹੀ ਪਿਆਰ ਦੀ ਗੱਲ ਤੇ ਚਪੇੜ ਮਾਰੀ ਹੈ ਕਿ ਤੂੰ ਗੁਰੂ ਪਿਤਾ ਨੂੰ ਭੁਲ ਗਿਆ ਸੀ ਤਾਂ ਹੀ ਤੈਨੂੰ ਦੁੱਖ ਆਇਆ ਸੀ, ਅਤੇ ਫਿਰ ਸ਼ਬਦ ਗੁਰੂ ਬੜੇ ਪਿਆਰ ਨਾਲ ਸਮਝਾਂਦਾ ਹੈ।

*ਸੁਖ ਨਾਹੀ ਰੇ*
*ਹਰਿ ਭਗਤਿ ਬਿਨਾ॥*
*ਜੀਤ ਜਨਮ ਇਹ ਰਤਨ ਅਮੋਲਕ*
*ਸਾਧ ਸੰਗਤਿ ਜਪਿ ਇਕ ਖਿਨਾਂ॥* (ਪੰਨਾ ੨੧੦)

*ਏ ਮਨ ਪਿਆਰਿਆ ਤੂੰ ਸਦਾ ਸਚਿ ਸਮਾਲੇ।*
*ਇਹ ਕੁਟੰਬ ਤੂੰ ਜਿ ਦੇਖਦਾ*
*ਚਲੈ ਨਾਹੀ ਤੇਰੈ ਨਾਲੇ॥*
*ਸਾਥ ਤੇਰੈ ਚਲੈ ਨਾਹੀ*
*ਤਿਸ ਨਾਲ ਕਿਉਂ ਚਿਤ ਲਾਈਐ॥*
*ਐਸਾ ਕੰਮ ਮੂਲੇ ਨ ਕੀਚੈ*
*ਜਿਤ ਅੰਤਿ ਪਛੋਤਾਈਐ॥* (ਪੰਨਾ ੯੧੮)

ਅਤੇ ਗੁਰੂ ਸਮਝਾਉਂਦਾ ਹੈ।

*ਮਾਤਾ ਕਿ ਉਦਰ ਮਹਿ ਪ੍ਰਤਿਪਾਲ ਕਰੇ*
*ਸੋ ਕਿਉ ਮਨਹੁ ਵਿਸਾਰੀਐ॥* (ਪੰਨਾ ੯੨੦)
*ਹਰਿ ਜਸੁ ਰੇ ਮਨਾ ਗਾਇ ਲੈ*
*ਜੋ ਸੰਗੀ ਹੈ ਤੇਰੋ॥*
*ਅਉਸਰ ਬੀਤਿਓ ਜਾਤ ਹੈ।*
*ਕਹਿਓ ਮਾਨ ਲੈ ਮੇਰੋ।* (ਪੰਨਾ ੩੨੭)

ਇਤਨੀ ਮਿੱਠੀ ਝਾੜ ਝੰਬ ਗੁਰੂ ਪਾਸੋਂ ਸੁਣਕੇ ਸਿੱਖ ਫਿਰ ਬੇਨਤੀ ਕਰਦਾ ਹੈ ਕਿ ਹੇ ਸਤਿਗੁਰੂ

*ਹਮਰੀ ਗਣਤ ਨ ਗਣੀਆ ਕਾਈ*
*ਅਪਣਾ ਬਿਰਦ ਪਛਾਣ॥*
*ਹਾਥ ਦੇ ਰਾਖਹਿ ਕਰ ਅਪਣੇ*
*ਸਦਾ ਸਦਾ ਰੰਗ ਮਾਣਿ॥* (ਪੰਨਾ ੬੧੯)
*ਜਉ ਪੈ ਹਮ ਨਾ ਪਾਪ ਕਰੰਤਾ ਅਹੇ ਅਨੰਤਾ*
*ਪਤਿਤ ਪਾਵਨ ਨਾਮ ਕੈਸੇ ਹੁੰਤਾ॥* (ਪੰਨਾ ੯੩)
*ਲੋਭ ਲਹਿਰ ਅਤਿ ਨੀਝਰ ਬਾਜੈ*
*ਕਾਇਆ ਡੂਬੈ ਕੇਸਵਾ॥*
*ਸੰਸਾਰ ਸਮੁੰਦੇ ਤਾਰ*
*ਗੋਬਿੰਦੇ ਤਾਰ ਲੈ ਬਾਪ ਬੀਠਲਾ॥* (ਪੰਨਾ ੧੧੯੬)
*ਹਮ ਮੈਲੇ ਤੁਮ ਊਜਲ ਕਰਤੇ*
*ਹਮ ਨਿਰਗੁਨ ਤੂ ਦਾਤਾ॥*
*ਹਮ ਮੂਰਖ ਤੁਮ ਚਤੁਰ ਸਿਆਣੇ*
*ਤੂ ਸਰਬ ਕਲਾ ਕਾ ਗਿਆਤਾ॥*
*ਮਾਧੋ ਹਮ ਐਸੇ ਤੂ ਐਸਾ॥*
*ਹਮ ਪਾਪੀ ਤੁਮ ਪਾਪ ਖੰਡਨ*
*ਨੀਕੋ ਠਾਕੁਰ ਦੇਸਾ॥ ੧॥ ਰ:।*

*ਤੁਮ ਕਰਹੁ ਭਲਾ ਹਮ ਭਲੋ ਨ ਜਾਨਹ*
*ਤੂ ਸਦਾ ਸਦਾ ਦਇਆਲਾ॥*
*ਤੁਮ ਸੁਖਦਾਈ ਪੁਰਖ ਬਿਧਾਤੇ*
*ਤੁਮ ਰਾਖਹੁ ਅਪਨੇ ਬਾਲਾ॥* ਪੰਨਾ ੬੧੩

ਅਤੇ ਜਦੋਂ ਸਿੱਖ ਇਸ ਤਰ੍ਹਾਂ ਬੇਨਤੀ ਕਰਦਾ ਹੈ

*ਹਰਿ ਜੀ ਮਾਤਾ ਹਰਿ ਜੀ ਪਿਤਾ*
*ਹਰਿ ਜੀਉ ਪ੍ਰਤਿਪਾਲਕ॥*
*ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ॥*
*ਸਹਜੇ ਸਹਿਜ ਖਿਲਾਇਦਾ*
*ਨਹੀ ਕਰਦਾ ਆਲਕ॥*
*ਅਉਗਣ ਕੋ ਨ ਚਿਤਾਰਦਾ, ਗਲ ਸੇਤੀ ਲਾਇਕ॥*

ਤਾਂ ਫਿਰ ਪਿਤਾ ਗੁਰੂ ਬੜੇ ਪਿਆਰ ਨਾਲ ਪਿਆਰਦਾ ਤੇ ਸਤਿਕਾਰਦਾ ਹੈ ਤੇ ਹੁਕਮ ਕਰਦਾ ਹੈ-

*ਮੁਹਿ ਮੰਗਾ ਸੋਈ ਦੇਵਦਾ, ਹਰਿ ਪਿਤਾ ਸੁਖਦਾਇਕ॥*
*ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ*
*ਇਸ ਸਉਦੇ ਲਾਇਕ॥*
*ਸਾਝੀ ਗੁਰ ਨਾਲਿ ਬਹਾਲਿਆ, ਸਰਬ ਸੁਖ ਪਾਇਕ॥*
*ਮੈ ਨਾਲਹੁ ਕਦੇ ਨ ਵਿਛੜੈ*
*ਹਰਿ ਪਿਤਾ ਸਭਨਾ ਗਲਾ ਲਾਇਕ॥*
ਪੰਨਾ ੧੧੦੧-੨

ਅਤੇ ਫਿਰ ਗੁਰੂ ਹੁਕਮ ਕਰਦਾ ਹੈ -

*ਪਿਤਾ ਕ੍ਰਿਪਾਲਿ ਆਗਿਆ ਇਹ ਦੀਨੀ*
*ਬਾਰਿਕੁ ਮੁਖਿ ਮਾਂਗੈ ਸੋ ਦੇਨਾ॥* ਪੰਨਾ ੧੨੬੬
*ਜੋ ਮਾਗਹਿ ਠਾਕੁਰ ਅਪਨੇ ਤੇ, ਸੋਈ ਸੋਈ ਦੇਵੈ॥*
ਪੰਨਾ ੬੮੧

ਅਤੇ ਫਿਰ ਸਤਿਗੁਰੂ ਖੁਸ਼ੀ ਦੇ ਘਰ ਵਿਚ ਆਉਂਦੇ ਹਨ ਤਾਂ ਫਿਰ ਅਸ਼ੀਰਵਾਦ ਦਿੰਦੇ ਹਨ।

*ਜਿਸੁ ਸਿਮਰਤ ਸਭਿ ਕਿਲ ਵਿਖ ਨਾਸਹਿ,*
*ਪਿਤਰੀ ਹੋਇ ਉਧਾਰੋ॥*
*ਸੋ ਹਰਿ ਹਰਿ ਤੁਮ ਸਦਹੀ ਜਾਪਹੁ,*
*ਜਾ ਕਾ ਅੰਤੁ ਨ ਪਾਰੋ॥*
*ਪੂਤਾ ਮਾਤਾ ਕੀ ਆਸੀਸ॥*
*ਨਿਮਖਨ ਬਿਸਰਉ ਤੁਮ੍ ਕਉ ਹਰਿ ਹਰਿ,*
*ਸਦਾ ਭਜਹੁ ਜਗਦੀਸ॥੨॥*
*ਸਤਿਗੁਰੁ ਤੁਮ ਕਉ ਹੋਇ ਦਇਆਲਾ,*
*ਸੰਤਸੰਗਿ ਤੇਰੀ ਪ੍ਰੀਤਿ॥*
*ਕਾਪੜੁ ਪਤਿ ਪਰਮੇਸ਼ਰ ਰਾਖੀ,*
*ਭੋਜਨੁ ਕੀਰਤਨੁ ਨੀਤਿ॥*
*ਅੰਮ੍ਰਿਤ ਪੀਵਹੁ ਸਦਾ ਚਿਰੁ ਜੀਵਹੁ,*
*ਹਰਿ ਸਿਮਰਤ ਅਨੰਦ ਅਨੰਤਾ॥*
*ਰੰਗ ਤਮਾਸਾ ਪੂਰਨ ਆਸਾ,*
*ਕਬਹਿ ਨ ਬਿਆਪੈ ਚਿੰਤਾ॥* ਪੰਨਾ ੪੯੬, ਮ-੪

ਅਤੇ ਗੁਰੂ ਹੁਕਮ ਕਰਦੇ ਹਨ-

*ਪ੍ਰਭ ਕੀ ਸਰਣਿ ਸਗਲ ਭੈ ਲਾਥੇ,*
*ਦੂਖ ਬਿਨਸੇ ਸੁਖੁ ਪਾਇਆ॥*
*ਦਇਆਲ ਹੋਆ ਪਾਰਬ੍ਰਹਮ ਸੁਆਮੀ,*
*ਪੂਰਾ ਸਤਿਗੁਰੁ ਧਿਆਇਆ॥* ਪੰਨਾ ੬੧੪, ਮ-੫
*ਅਨਦ ਮੰਗਲ ਗੁਨ ਗਾਉ,*
*ਸਹਜ ਧੁਨਿ, ਨਿਹਚਲ ਰਾਜੁ ਕਮਾਉ॥*

ਜਾਂ

*ਤੁਮਰੇ ਦੋਖੀ ਹਰਿ ਆਪਿ ਨਿਵਾਰੇ,*
*ਆਪਦਾ ਭਈ ਬਿਤੀਤ॥*

ਜਾਂ

*ਪ੍ਰਗਟ ਕੀਨੇ ਪ੍ਰਭੁ ਕਰਨੈ ਹਾਰੇ,*
*ਨਾਸਨ ਭਾਜਨ ਥਾਕੇ॥*
*ਘਰਿ ਮੰਗਲ ਵਾਜਹਿ ਨਿਤ ਵਾਜੇ,*
*ਅਪੁਨੈ ਖਸਮਿ ਨਿਵਾਜੇ॥*
*ਅਸਥਿਰ ਰਹਹੁ ਡੋਲਹੁ ਮਤ ਕਬਹੂ,*
*ਗੁਰ ਕੈ ਬਚਨਿ ਅਧਾਰਿ॥*
*ਜੈ ਜੈ ਕਾਰਿ ਸਗਲ ਭੂ ਮੰਡਲ,*
*ਮੁਖ ਊਜਲ ਦਰਬਾਰ॥* ਪੰਨਾ ੬੭੮, ਮ-੫

ਜਦੋਂ ਇਤਨੀਆਂ ਆਸ਼ੀਰਵਾਦਾਂ ਗੁਰੂ ਸ਼ਬਦ ਨੇ ਦੇ ਦਿੱਤੀਆਂ, ਤਾਂ ਸਿੱਖ ਬੱਚੇ ਦਾ ਸੀਸ ਗੁਰੂ ਅੱਗੇ ਸ਼ਰਧਾ ਨਾਲ ਝੁਕ ਗਿਆ ਤੇ ਝੁਕ ਕੇ ਇਹ ਅਰਦਾਸ ਕਰਦਾ ਹੈ।

*ਤੂ ਠਾਕੁਰ ਤੁਮ ਪਹਿ ਅਰਦਾਸ॥*
*ਜੀਉ ਪਿੰਡ ਸਭ ਤੇਰੀ ਰਾਸਿ॥*
*ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥*
*ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥*
*ਕੋਇ ਨ ਜਾਨੈ ਤੁਮਰਾ ਅੰਤ॥*
*ਊਚੇ ਤੇ ਊਚਾ ਭਗਵੰਤ॥*
*ਸਗਲ ਸਮਿਗ੍ਰੀ ਤੁਮਰੇ ਸੂਤਰ ਧਾਰੀ॥*
*ਤੁਮ ਤੇ ਹੋਇ ਸੁ ਆਗਿਆ ਕਾਰੀ॥*
*ਤੁਮਰੀ ਗਤਿ ਮਿਤਿ ਤੁਮਰੀ ਜਾਨੀ॥*
*ਨਾਨਕ ਦਾਸ ਸਦਾ ਕੁਰਬਾਨੀ॥*
ਪੰਨਾ ੨੬੮, ਮ-੫

# ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰੱਬੀ ਰਬਾਬ

**ਪ੍ਰੋ. ਨਰਿੰਦਰ ਸਿੰਘ**
956, 3ਬੀ-2
ਮੋਹਾਲੀ

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਰਬਾਬ ਨੂੰ ਆਪ ਵਿਉਂਤਿਆ ਤੇ ਤਿਆਰ ਕਰਵਾਇਆ ਸੀ। ਗੁਣੀ ਜਨਾਂ ਵਿਚ ਅਜੇ ਤੱਕ ਪ੍ਰਸਿੱਧ ਹੈ ਕਿ ਇਹ ਸਾਜ਼ ਨਾਨਕ ਸ਼ਾਹ ਫ਼ਕੀਰ ਨੂੰ ਅਰਸ਼ ਤੋਂ ਉਤਰਿਆ ਸੀ। ਅੱਜਕਲ ਦੇ ਰਬਾਬੀਆਂ ਦੀ ਰਬਾਬ ਨਾਲੋਂ ਇਹ ਸਾਜ਼ ਵੱਖਰਾ ਹੀ ਸੀ ਜਿਸ ਦੀਆਂ ਛੇ ਸਿਰੇ ਦੀਆਂ ਤਾਰਾਂ ਉੱਤੇ ਵਜੰਤ੍ਰੀ ਕੰਮ ਕਰਦਾ ਸੀ। ਇਸ ਦੀ ਵਿਉਂਤ ਅਤੇ ਵੱਜਣਾ ਕੁਛ ਸਰੋਦ ਨਾਲ ਮਿਲਦਾ ਸੀ। ਇਹ ਸਾਜ਼ ਐਸਾ ਸੁਰੀਲਾ ਸੀ ਕਿ ਸਾਰੰਗੀ ਕੀ ਚੀਜ਼ ਹੈ। ਸੁਣੀਦਾ ਹੈ ਕਿ ਰਿਆਸਤ ਰਾਮਪੁਰ ਵਿਖੇ ਇਸ ਸਾਜ਼ ਦੇ ਨਮੂਨੇ ਅਜੇ ਭੀ ਮਿਲਦੇ ਹਨ।

ਸੋਚ ਉਠਦੀ ਹੈ ਕਿ ਇਹ ਅਰਸ਼ੀ ਰਬਾਬ ਜੋ ਸਾਹਿਬਾਂ ਨੇ ਆਪ ਵਿਉਂਤੀ ਤੇ ਘੜੀ ਸੀ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਪਾਸ, ਮ੍ਰਾਤ ਲੋਕ ਵਿਚ ਕਿਵੇਂ ਪੁਜੀ। ਇਸ ਗੱਲ ਦਾ ਇਸ਼ਾਰਾ ਭਾਈ ਲਾਲੋ ਵਾਲੀ ਜਨਮ ਸਾਖੀ ਵਿਚੋਂ ਮਿਲਦਾ ਹੈ। 'ਫਿਰੰਦੇ' ਨਾਮ ਦਾ ਇਕ ਰਬਾਬੀ ਸੀ ਜੋ ਰਬਾਬ ਬਨਾਉਣ ਦਾ ਕਾਰੀਗਰ ਵੀ ਸੀ। ਹਿੰਦੂ ਇਸ ਨੂੰ 'ਫੇਰੂ' ਨਾਂ ਨਾਲ ਵੀ ਬੁਲਾਉਂਦੇ ਸਨ। ਕਿਸੇ ਸਮੇਂ ਫਿਰੰਦੇ ਨੂੰ ਕੁਦਰਤੀ ਹੀ ਇਕ ਰਬਾਬ ਹੱਥ ਲੱਗੀ ਜੋ ਰੂਹਾਨੀ ਸੀ। ਨਾਲ ਹੀ ਉਸਨੇ ਇਕ ਰੂਹਾਨੀ ਆਵਾਜ਼ ਵੀ ਸੁਣੀ ਕਿ ਇਹ ਰਬਾਬ ਗੁਰੂ ਨਾਨਕ ਨੂੰ ਦੇਣੀ ਹੈ। ਰੂਹਾਨੀ ਗੱਲ ਸਮਝਣ ਲਈ, ਰੂਹਾਨੀ ਅਕਲ, ਰੂਹਾਨੀ ਬਿਰਤੀ ਅਤੇ ਰੂਹਾਨੀ ਮੇਹਰ ਭੀ ਲੋੜੀਂਦੀ ਹੈ। ਉਸ ਸਮੇਂ ਇਹ ਫਿਰੰਦੇ ਨੂੰ ਉਪਜੀ ਹੋਣੀ ਹੈ। ਦੂਜੇ ਪਾਸਿਓਂ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੁਕਮ ਅਨੁਸਾਰ ਭਾਈ ਮਰਦਾਨਾ, ਫਿਰੰਦੇ ਰਬਾਬੀ ਨੂੰ ਲੱਭਦਾ ਸੀ। ਮਰਦਾਨਾ ਸਤਿਗੁਰਾਂ ਦੀ ਵੱਡੀ ਭੈਣ, ਬੇਬੇ ਨਾਨਕੀ ਜੀ ਪਾਸੋਂ ਸੱਤ ਰੁਪਈਏ ਲੈ ਕੇ ਆਇਆ ਸੀ ਕਿ ਉਸ ਨੇ ਫਿਰੰਦੇ ਪਾਸੋਂ ਰਬਾਬ ਖਰੀਦਣੀ ਹੈ। ਮਰਦਾਨਾ, ਗੁਰੂ ਸਾਹਿਬ ਦੇ ਦੱਸੇ ਟਿਕਾਣੇ ਅਨੁਸਾਰ ਫਿਰੰਦੇ ਨੂੰ ਟੋਲਦਾ ਸੀ। ਗੁਰੂ ਸਾਹਿਬ ਨੇ ਇਹ ਦੱਸ ਭੀ ਪਾਈ ਸੀ ਕਿ ਇਹ ਗਿਰਾਉਂ ਦੋ ਨਦੀਆਂ ਦੇ ਵਿਚਕਾਰ ਹੈ। ਮਰਦਾਨੇ ਨੂੰ ਫਿਰੰਦੇ ਬਾਰੇ ਕੋਈ ਥਹੁ ਪਤਾ ਨਹੀ ਸੀ ਲੱਗਦਾ। ਜਿਸ ਤੋਂ ਪੁੱਛੇ ਕਿ ਫਿਰੰਦਾ ਰਬਾਬੀ ਕਿੱਥੇ ਰਹਿੰਦਾ ਹੈ ਉਹ ਕੋਈ ਥਹੁ ਪਤਾ ਨਹੀ ਸੀ ਦੇਂਦਾ। ਨੌਂ ਦਿਨ ਟੱਕਰਾਂ ਮਾਰਨ ਤੋਂ ਬਾਅਦ ਵੀ ਉਸ ਨੂੰ ਫਿਰੰਦੇ ਰਬਾਬੀ ਦਾ ਕੋਈ ਥਹੁ ਪਤਾ ਨਹੀਂ ਸੀ ਲੱਗਦਾ। ਆਖਰ ਮਰਦਾਨਾ ਫਿਰੰਦੇ ਨੂੰ ਲੱਭਦਾ ਲੱਭਦਾ ਥੱਕ ਕੇ ਹਾਰ ਗਿਆ ਤਾਂ ਉਹ ਸ੍ਰੀ ਗੁਰੂ ਨਾਨਕ ਦੇਵ ਜੀ (ਜੋ ਕਿ ਉਸ ਸਮੇਂ ਸੁਲਤਾਨਪੁਰ ਲੋਧੀ ਦੀਆਂ ਜੂਹਾਂ ਵਿਚ ਬੈਠੇ ਸਨ) ਪਾਸ ਵਾਪਸ ਜਾਣ ਲਈ ਤਿਆਰ ਹੋ ਗਿਆ।

ਪਰ ਤੀਸਰੇ ਦਿਨ, ਫਿਰੰਦਾ ਰਬਾਬੀ ਮਰਦਾਨੇ ਨੂੰ ਆਣ ਮਿਲਿਆ। ਭਾਈ ਬਾਲੇ ਦੀ ਜਨਮ ਸਾਖੀ ਵਿਚ ਲਿਖਿਆ ਹੈ ਕਿ "ਫਿਰੰਦੇ ਨੂੰ ਪੁੱਛਿਆ ਤੂੰ ਕਿਸ ਨੂੰ ਟੋਲਦਾ ਹੈ ਤਾਂ ਮਰਦਾਨੇ ਆਖਿਆ ਕਿ ਇੱਥੇ ਇਕ ਫਿਰੰਦਾ ਰਬਾਬੀ ਹੈ ਜਿਸ ਨੂੰ ਫੇਰੂ ਵੀ ਆਖਦੇ ਹਨ। ਫਿਰੰਦੇ ਆਖਿਆ ਤੇਰਾ ਨਾਮ ਕੀ ਹੈ। ਤੂੰ ਹੁੰਦਾ ਕੌਣ ਹੈ, ਤੈਨੂੰ ਭੇਜਿਆ ਕਿਸ ਨੇ ਹੈ ਅਤੇ ਤੇਰਾ ਵਤਨ ਕਿਹੜਾ ਹੈ ਤਾਂ ਮਰਦਾਨੇ ਆਖਿਆ ਮੇਰਾ ਵਤਨ ਰਾਇ ਭੋਇ ਦੀ ਤਲਵੰਡੀ ਹੈ। ਨਾਓ ਮਰਦਾਨਾ ਹੈ, ਭੇਜਿਆ ਨਾਨਕ ਵੇਦੀ ਫਕੀਰ ਨੇ ਹੁਕਮ ਰਬਾਬ ਲੈਣ ਵਾਸਤੇ। ਫਿਰੰਦੇ ਨੇ ਆਖਿਆ ਨਾਨਕ ਵੇਦੀ ਨੇ ਤੈਨੂੰ ਮੇਰੇ ਵੱਲ ਹੀ ਘੱਲਿਆ ਹੈ। ਰਬਾਬ ਵੀ ਮੇਰੇ ਪਾਸ ਹੈ। ਨਾਨਕ ਵੇਦੀ ਮੇਰਾ ਚਰੋਕਨਾ ਅਸਨਾਉ ਹੈ। ਇਹ ਰਬਾਬ ਵੀ ਮੇਰੇ ਪਾਸ ਹੈ। ਮਰਦਾਨੇ ਆਖਿਆ ਜੀ ਰਬਾਬ ਮੈਨੂੰ ਦੇਵੋ। ਫਿਰੰਦਾ, ਨ ਜਾਣੀਐ ਰਬਾਬ ਕਿਥੋਂ ਲੈ ਆਇਆ। ਜਾ ਮਰਦਾਨਾ ਦੇਖੇ ਤਾਂ ਕਿਆ ਦੇਖੇ, ਰਬਾਬ ਕੁਦਰਤੀ (ਇਲਾਹੀ) ਹੈ, ਜੀ ਮੁਲ ਕਹੁ। ਫਿਰੰਦੇ ਆਖਿਆ ਤੇਰੇ ਪਾਸ ਇਸ ਰਬਾਬ ਦਾ ਮੁਲ ਨਾਹੀ ਅਤੇ ਇਸ ਦਾ ਮੁੱਲ ਅਸਾਂ ਲੈਣਾ ਵੀ ਨਾਹੀ। ਮਰਦਾਨੇ ਨੂੰ ਹੈਰਾਨਗੀ ਲੱਗੀ ਭਾਈ ਇਹ ਕਉਣ। ਮਰਦਾਨਾ ਰਹਿ ਨਾ ਸਕਿਆ। ਆਖਿਓ ਸੁਜੀ ਤੁਸਾਂ ਇਸ ਦਾ ਮੁੱਲ ਕਿਉਂ ਨਹੀ ਲੈਣਾ। ਫਿਰੰਦੇ ਆਖਿਆ ਮਰਦਾਨੇ ਇਹ ਰਬਾਬ ਅਸਾਂ ਨੂੰ ਕੁਦਰਤਿ ਨਾਲ ਹੱਥ ਆਇਆ ਹੈ।

ਆਵਾਜ ਇਸ ਦੀ ਇਕ ਨਿਕਲੀ ਜੋ "ਫਿਰੰਦਾ ਇਹ ਰਬਾਬ ਹੋਰ ਸੁ ਅੱਗੇ ਵਜਾਵਨਾ ਨਾਹੀ, ਹਿੱਕ ਨਾਨਕ ਵੇਦੀ ਖਤ੍ਰੀ ਹੋਸੀ ਏਹੁ ਰਬਾਬੁ ਉਸ ਦੇ ਅੱਗੇ ਵਜਾਉਣੀ, ਤੂ ਉਸ ਅੱਗੇ ਵਜਾਵੇਂ।" ਮਰਦਾਨੇ ਇਸ ਦਾ ਮੁੱਲ ਅਸਾਂ ਲੈਣਾ ਨਾਹੀ। ਪਰ ਭਾਈ ਚੱਲ ਦੇਖ ਉਹ ਨਾਨਕ ਹੈ ਕਿ ਕੋਈ ਹੋਰ ਹੈ। ਤਾਂ ਮਰਦਾਨੇ ਕਿਹਾ ਜੀ ਚਲੋ ਪਰ ਜੇ ਹੁਕਮ ਹੋਵੇ ਤਾਂ ਮੈਂ ਇਕ ਵਾਰੀ ਵਜਾ ਕਿ ਦੇਖਾਂ। ਫਿਰੰਦੇ ਕਿਹਾ ਭਾਈ ਹੋਰ ਅੱਗੇ ਹੁਕਮੁ ਨਾਹੀ। ਮਰਦਾਨੇ ਕਿਹਾ ਜੀ ਮੈਨੂੰ ਉਸੇ ਨਾਨਕ ਨੇ ਭੇਜਿਆ ਹੈ ਤਾਂ ਫਿਰੰਦੇ ਕਿਹਾ ਭਾਈ ਤੂ ਜਾਣ। ਨਾਨਕ ਉਸੇ ਭੇਜਿਆ ਵਜਾਇ (ਵਜਾ ਲੈ) ਮਰਦਾਨੇ ਰਬਾਬ ਲੈ ਕਰ ਥਾਟਿ ਬਣਾਇ ਕੇ ਜਾਂ ਤਾਰ ਵਜਾਈ ਤਾਂ ਅਵਾਜ਼ ਵਿਚੋਂ 'ਨਿਰੰਕਾਰ' 'ਨਿਰੰਕਾਰ' ਹੀ ਆਵੇ। ਅਤੇ ਪਿਛੋਂ ਦੀ ਨਾਨਕ ਦੀ ਅਧੀਨਗੀ ਨਿਕਲੇ ਹੋਰ ਕੋਈ ਆਵਾਜ ਨ ਨਿਕਲੇ। ਤਾਂ ਮਰਦਾਨਾ ਹੈਰਾਨ ਹੋਇ ਕਰਿ ਆਖਿਓਸੁ ਫਿਰੰਦਾ ਭਾਈ ਚਲੁ (ਛੇਤੀ ਚੱਲ)। ਫਿਰੰਦਾ ਤੇ ਮਰਦਾਨਾ ਦੋਵੇਂ ਨੌਵੇਂ ਦਿਨ ਆਇ ਗੁਰੂ ਨਾਨਕ ਪਾਸਿ ਖਲੇ ਹੋਏ। ਰਬਾਬ ਆਗੈ ਰਾਖਿਆ ਅਤੇ ਦੋਹਾਂ ਮੱਥਾ ਟੇਕਿਆ।

# ਸੰਗਤ

**ਡਾ. ਜਾਗੀਰ ਸਿੰਘ**
422, ਸੈਕਟਰ 15-ਏ
ਚੰਡੀਗੜ੍ਹ

ਸੰਗਤ ਦੇ ਸ਼ਬਦ ਅਰਥ ਹਨ- ਸੰਗ, ਸਾਥ। ਪਰ ਜਦੋਂ ਇਸ ਸ਼ਬਦ ਦਾ ਪ੍ਰਯੋਗ ਧਾਰਮਿਕ ਖੇਤਰ ਵਿੱਚ ਕੀਤਾ ਜਾਂਦਾ ਹੈ ਤਾਂ ਇਹ ਵਿਸ਼ੇਸ਼ ਅਰਥਾਂ ਦਾ ਧਾਰਨੀ ਹੋ ਜਾਂਦਾ ਹੈ। ਧਾਰਮਿਕ ਖੇਤਰ ਵਿੱਚ ਇਹ ਸ਼ਬਦ ਧਾਰਮਿਕ ਸ਼ਰਧਾਲੂਆਂ ਦੇ ਇਕੱਠ ਲਈ ਵਰਤਿਆ ਜਾਂਦਾ ਹੈ। ਅੰਗਰੇਜ਼ੀ ਵਿੱਚ ਇਸ ਲਈ ਕਾਂਗਰੀਗੇਸ਼ਨ ਸ਼ਬਦ ਮਿਲਦਾ ਹੈ। ਇਸ ਸ਼ਬਦ ਦੇ ਅਰਥ ਅੰਗਰੇਜ਼ੀ ਪੰਜਾਬੀ ਡਿਕਸ਼ਨਰੀ ਵਿਚ ਇਸ ਤਰ੍ਹਾਂ ਦਿੱਤੇ ਹਨ- 1. ਇਕੱਠੇ, ਇਕੱਤਰਤਾ, ਜੋੜ-ਮੇਲ ਸਭਾ 2. (ਧਰਮ) ਸੰਗ, ਸੰਗਤ 3. ਢੇਰ, ਅੰਬਾਰ 4. (ਯਹੂਦੀ ਲੋਕਾਂ ਦਾ) ਸੰਗ ਮਜਲਸ 5. ਕੈਥੋਲਿਕ ਧਰਮ ਦਾ ਸਥਾਈ ਸਾਸ਼ਨ ਸੰਗ 6. ਵਿਸ਼ਵ ਵਿਦਿਆਲੇ ਦੀ ਅਸੈਂਬਲੀ 7. (ਬਾਈ) ਯਹੂਦੀ ਲੋਕ। ਅੱਜ ਕੱਲ ਸੰਗਤ ਕੇਵਲ ਧਾਰਮਿਕ ਲੋਕਾਂ ਦੇ ਇਕੱਠ ਨੂੰ ਕਿਹਾ ਜਾਂਦਾ ਹੈ।

ਗੁਰਬਾਣੀ ਵਿਚ ਸੰਗਤ ਨੂੰ ਖਾਸ ਖੇਤਰ ਤੱਕ ਸੀਮਤ ਕਰਨ ਲਈ ਸਾਧ ਸੰਗਤ, ਸਤਿਸੰਗ ਆਦਿ ਸ਼ਬਦ ਵਰਤੇ ਗਏ ਹਨ। ਪਿਆਰਾ ਸਿੰਘ ਪਦਮ ਅਨੁਸਾਰ ਜਦੋਂ ਭਲੇ ਪੁਰਸ਼ ਮਿਲ ਕੇ ਪ੍ਰਭੂ ਨਾਮ ਦਾ ਵਖਿਆਨ, ਕੀਰਤਨ ਜਾਂ ਵਿਚਾਰ ਕਰਨ ਉਹ ਸਤਿਸੰਗ ਕਹਾਉਂਦਾ ਹੈ। ਸਤਿਸੰਗ ਜਾਂ ਸਾਧ ਸੰਗ ਦਾ ਅਰਥ ਹੈ ਸਾਧੂਆਂ ਦਾ ਮੇਲ-ਜੋਲ। ਗੁਰਮਤਿ ਵਿਚਾਰ ਧਾਰਾ ਵਿਚ ਜਿੱਥੇ ਨਾਮ ਸਿਮਰਨ ਦੀ ਵਾਰ-ਵਾਰ ਤਾਕੀਦ ਕੀਤੀ ਗਈ ਹੈ ਉੱਥੇ ਸਤਿਸੰਗ ਕਰਨ ਉੱਤੇ ਵੀ ਬਹੁਤ ਜ਼ੋਰ ਦਿੱਤਾ ਗਿਆ ਹੈ। ਕਾਰਨ ਇਹ ਹੈ ਕਿ ਮਨੁੱਖ ਕੇਵਲ ਚੰਗੇ ਵਿਚਾਰ ਆਸਰੇ ਹੀ ਨਹੀਂ ਚਲਦਾ ਸਗੋਂ ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਬਹੁਤਾ ਆਲੇ-ਦੁਆਲੇ ਦੇ ਪ੍ਰਭਾਵ ਅਨੁਸਾਰ ਹੀ ਚਲਦਾ ਹੈ। ਇਸੇ ਕਰਕੇ ਮਹਾਂਪੁਰਖਾਂ ਨੇ ਦੱਸਿਆ ਹੈ ਕਿ ਸਾਧੂ ਸੰਤਾਂ ਅਤੇ ਨੇਕ ਪੁਰਸ਼ਾਂ ਦੇ ਮੇਲ-ਜੋਲ ਕਾਰਨ ਮਨੁੱਖ ਵਿਚ ਚੰਗੀਆਂ ਪ੍ਰਵਿਰਤੀਆਂ ਦਾ ਪ੍ਰਭਾਵ ਵਧੇਗਾ ਅਤੇ ਉਹ ਆਪਣੇ ਆਪ ਨੂੰ ਠੀਕ ਦਿਸ਼ਾ ਵੱਲ ਲਿਜਾ ਸਕੇਗਾ। ਇਸੇ ਲਈ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ-

*ਮੇਰੇ ਮਾਧਉ ਜੀ ਸਤਿ ਸੰਗਤ ਮਿਲੇ ਸੁ ਤਰਿਆ॥*

ਗੂਜਰੀ ਮਹਲਾ ਪੰਜਵਾਂ, ਪੰਨਾ 10

ਸਤਿਸੰਗ ਨਾਲ ਉਚੇਰੀ ਜੀਵਨ ਸਿੱਖਿਆ ਦੀ ਸੋਝੀ ਆਉਂਦੀ ਹੈ ਅਤੇ ਹਉਮੈ ਤੇ ਦੂਈ ਦਵੈਤ ਘਟਕੇ ਸਮਾਨਤਾ ਦੀ ਭਾਵਨਾ ਪੈਦਾ ਹੁੰਦੀ ਹੈ ਤੇ ਇਸਦੇ ਨਾਲ ਨਾਲ ਸ਼ੁਭ ਗੁਣਾਂ ਦਾ ਸੰਚਾਰ ਹੁੰਦਾ ਹੈ ਜੋ ਮਨੁੱਖੀ ਜੀਵਨ ਲਈ ਅਤਿਅੰਤ ਜ਼ਰੂਰੀ ਹਨ। ਗੁਰਬਾਣੀ ਵਿਚ ਦਰਜ ਹੈ:

*ਬ੍ਰਾਹਮਣ ਖਤ੍ਰੀ ਸੂਦ ਵੈਸ ਚਾਰਿ ਆਸ੍ਰਮ ਹਹਿ*
*ਜੋ ਹਰਿ ਧਿਆਵੈ ਸੋ ਪ੍ਰਧਾਨ॥*
*ਜਿਉ ਚੰਦਨ ਨਿਕਟ ਵਸੈ ਹਿਰਡ ਬਪੁੜਾ*
*ਤਿਉ ਸਤਿ ਸੰਗਤਿ ਮਿਲਿ ਪਤਿਤ ਪਰਵਾਣੁ॥*

ਗੋਂਡ ਮਹਲਾ ਚੌਥਾ, ਪੰਨਾ 861

ਭਾਈ ਕਾਹਨ ਸਿੰਘ ਨਾਭਾ ਅਨੁਸਾਰ ਖਾਲਸਾ ਅਤੇ ਨਿਰਮਲ ਪੰਥ ਨਾਵਾਂ ਤੋਂ ਬਿਨਾਂ ਸਿੱਖ ਸਮਾਜ ਦਾ ਨਾਮ ਸਾਧ ਸੰਗਤ ਭੀ ਰਿਹਾ ਹੈ। ਭਾਈ ਨੰਦ ਲਾਲ ਜੀ ਜ਼ਿੰਦਗੀ ਨਾਮਹ ਵਿਚ ਲਿਖਦੇ ਹਨ:

*ਹਮ ਚੁਨਾ ਦਰ ਮਜਹਬ ਈਂ ਸਾਧ ਸੰਗ॥*

ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦਾ ਇਕ ਕਵੀ ਤਨਸੁਖ ਪੰਚ ਤੰਤ੍ਰ ਦੇ ਅਨੁਵਾਦ ਵਿਚ (ਜੋ ਸੰਮਤ 1741 ਵਿਚ ਲਿਖਿਆ ਗਿਆ) ਲਿਖਦਾ ਹੈ:

*ਕਲਿਜੁਗ ਜਬੈ ਅਨੀਤਿ ਚਲਾਈ।*
*ਨਾਨਕ ਰੂਪ ਧਰਿਓ ਹਰਿਆਈ॥*
*ਚਾਰੋਂ ਵਰਨ ਸਿਖ ਤਬ ਕੀਨੇ।*
*ਕ੍ਰਿਪਾਵੰਤ ਹੁਇ ਇਹ ਫਲ ਦੀਨੇ॥*
*ਦਇਆ ਧਰਮ ਪ੍ਰਾਤਹ ਇਸਨਾਨ।*
*ਸਤਯ ਵਚਨ ਔ ਪ੍ਰੀਤਿ ਸੁ ਦਾਨ॥*
*'ਸਾਧਿ ਸੰਗਤਿ' ਹੋਯੋ ਤਿਹ ਨਾਮ।*
*ਸਭ ਮਿਲ ਪਾਵਹਿ ਤਹਿ ਬਿਸਰਾਮ॥*
*ਕਲਿ ਕੇ ਦਤ ਤਹਾਂ ਜੋ ਆਵਹਿ।*
*ਸਾਧ ਸੰਗਤਿ ਮੈਂ ਠੌਰ ਨ ਪਾਵਹਿ॥*

ਭਾਈ ਬਾਲੇ ਵਾਲੀ ਸਾਖੀ ਵਿਚ ਸਤਿਸੰਗ ਦੀ ਮਹਿਮਾ ਬਾਰੇ ਲਿਖਿਆ ਹੈ- ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਮਰਦਾਨਿਆਂ ਜੋ ਸਤਿਸੰਗ ਨਹੀਂ ਕਰਦੇ ਸੋ ਨਿਸਫਲ ਹੈਨ, ਮਨੁੱਖ ਦੇਹ ਭਗਵੰਤ ਨੇ ਦਿੱਤੀ ਹੈ ਸੋ ਪਰਉਪਕਾਰ ਵਾਸਤੇ,

ਸਤਸੰਗ ਕਰਨ ਨੂੰ ਤੇ ਨਾਮ ਜਪਨੇ ਨੂੰ, ਸੋ ਪਰਉਪਕਾਰ ਕੀਏ ਤੇ ਦੇਹੀ ਸਫਲ ਹੁੰਦੀ ਹੈ, ਸਤਸੰਗ ਕਰਨ ਤੋਂ ਪਵਿਤ੍ਰ ਹੋਈਦਾ ਹੈ। ਨਾਮ ਦਾ ਪ੍ਰਤਾਪ ਤੇ ਸਦਗਤੀ ਪ੍ਰਾਪਤ ਹੁੰਦੀ ਹੈ। ਪ੍ਰਿੰਸੀਪਲ ਸਤਬੀਰ ਸਿੰਘ ਜੀ ਅਨੁਸਾਰ ਹਿੰਦੁਸਤਾਨ ਇਹ ਕੈਂਹਦਾ ਨਹੀ ਸੀ ਥੱਕਦਾ "ਸਾਧੂ ਨ ਚਲੇ ਜਮਾਤ" ਤੇ ਪੱਛਮ ਧਰਮ ਨੂੰ "ਫਲਾਈਟ ਆਫ ਆਲੋਨ ਟੂ ਆਲੋਨ" (ਇਕੇਲੇ ਦੀ ਇਕੇਲੇ ਕੋ ਉੜਾਨ) ਗੁਰੂ ਨਾਨਕ ਦੇਵ ਜੀ ਨੇ 'ਸਾਧ ਸੰਗਤ' ਬਣਾਈ। ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਸਿੱਧਾਂ ਦੀ ਇਕ ਪੁੱਛ ਕਿ ਤੁਸਾਂ ਘਰ ਛੱਡ ਕੇ ਉਦਾਸੀ ਕਿਉਂ ਧਾਰਨ ਕੀਤੀ- ਉੱਤਰ ਫਰਮਾਇਆ ਸੀ:

*ਗੁਰਮੁਖ ਖੋਜਤ ਭਏ ਉਦਾਸੀ॥*

ਜਿੱਥੇ ਵੀ ਗੁਰੂ ਜੀ ਜਾਂਦੇ ਸੰਗਤਿ ਥਾਪਦੇ। ਇਤਿਹਾਸ ਨੇ ਰਚੀ ਸੰਗਤਿ, ਪੱਕੀ ਸੰਗਤਿ, ਬੜੀ ਸੰਗਤਿ, ਕਰਤਾਰੀ ਸੰਗਤਿ ਅਤੇ ਹਜ਼ੂਰੀ ਸੰਗਤਿ ਦਾ ਜ਼ਿਕਰ ਕੀਤਾ ਹੈ। ਪਿਛੋਂ ਛੋਟੀ ਸੰਗਤਿ ਵੀ ਬਣੀ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ:

ਨਾ ਹੀ ਮੇਲਾ ਸੰਗਤਿ ਹੈ ਨਹੀਂ ਕੋਈ ਇਕੱਠ ਅਤੇ ਨ ਹੀ ਮਿਲ ਬੈਠਣਾ ਜਿਥੇ ਸਿਆਣਪ ਚਤਰਾਈਆਂ ਦੀਆਂ ਗੱਲਾਂ ਹੋਵਣ। ਸੰਗਤਿ ਹੈ ਜਿਥੇ ਨਾਮ ਦ੍ਰਿੜ ਹੋਵੈ:

*ਸਤਿ ਸੰਗਤਿ ਕੈਸੀ ਜਾਣੀਐ*
*ਜਿਥੈ ਏਕੋ ਨਾਮੁ ਵਖਾਣੀਐ॥*
*ਏਕੋ ਨਾਮੁ ਹੁਕਮੁ ਹੈ*
*ਨਾਨਕ ਸਤਿਗੁਰ ਦੀਆਂ ਬੁਝਾਇ ਜੀਓ॥*

ਸਿਰੀ ਰਾਗੁ ਮਹਲਾ ਪਹਿਲਾ, ਪੰਨਾ 72

ਅਰਥਾਤ- ਕਿਹੋ ਜਿਹੇ ਇਕੱਠ ਨੂੰ ਸਤਸੰਗਤ ਸਮਝਣਾ ਚਾਹੀਦਾ ਹੈ?

ਸਤਿਸੰਗਤ ਉਹ ਹੈ ਜਿਥੇ ਕੇਵਲ ਪਰਮਾਤਮਾ ਦਾ ਨਾਮ ਸਲਾਹਿਆ ਜਾਂਦਾ ਹੈ। ਹੇ ਨਾਨਕ! ਸਤਿਗੁਰੂ ਨੇ ਇਹ ਗੱਲ ਸਮਝਾ ਦਿੱਤੀ ਹੈ ਕਿ ਸਤਿਸੰਗਤ ਵਿਚ ਸਿਰਫ ਪਰਮਾਤਮਾ ਦਾ ਨਾਮ ਜਪਣਾ ਹੀ ਪ੍ਰਭੂ ਦਾ ਹੁਕਮ ਹੈ।

ਗੁਰੂ ਰਾਮ ਦਾਸ ਜੀ ਅਨੁਸਾਰ ਸਾਧ ਸੰਗਤ ਸਤਿਗੁਰੂ ਦੀ ਪਾਠਸ਼ਾਲਾ ਹੈ ਜਿਸ ਵਿਚ ਪ੍ਰਮਾਤਮਾ ਦੇ ਗੁਣ ਸਿੱਖੇ ਜਾ ਸਕਦੇ ਹਨ:

*ਸਤਸੰਗਤਿ ਸਤਿਗੁਰ ਚਟਸਾਲ ਹੈ*
*ਜਿਤੁ ਹਰਿ ਗੁਣ ਸਿਖਾ॥*

ਕਾਨੜੇ ਦੀ ਵਾਰ ਮਹਲਾ ਚੌਥਾ, ਪੰਨਾ 1316

ਸੰਗਤ ਦੀ ਮਹਿਮਾ ਵਿਚ ਗੁਰੂ ਅਰਜਨ ਦੇਵ ਜੀ ਇਕ ਪੂਰਾ ਸ਼ਬਦ ਉਚਾਰਦੇ ਹਨ:

*ਬਿਸਰਿ ਗਈ ਸਭ ਤਾਤ ਪਰਾਈ॥*
*ਜਬ ਤੇ ਸਾਧ ਸੰਗਤਿ ਮੋਹਿ ਪਾਈ। ਰਹਾਉ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗ ਹਮ ਕਉ ਬਨ ਆਈ॥*
*ਜੋ ਪ੍ਰਭ ਕੀਨੋ ਸੋ ਭਲ ਮਾਨਿਓ*
*ਏਹ ਸੁਮਤਿ ਸਾਧੂ ਤੇ ਪਾਈ॥*
*ਸਭ ਮਹਿ ਰਵਿ ਰਹਿਆ ਪ੍ਰਭ ਏਕੈ*
*ਪੇਖਿ ਪੇਖਿ ਨਾਨਕ ਬਿਗਸਾਈ॥*

ਕਾਨੜਾ ਮਹਲਾ ਪੰਜਵਾਂ, ਪੰਨਾ 1299

ਕਬੀਰ ਜੀ ਦੇ ਸਲੋਕਾਂ ਵਿਚ ਵੀ ਸਾਧ ਸੰਗਤ ਦੀ ਮਹਿਮਾ ਖੂਬ ਦਰਸਾਈ ਗਈ ਹੈ:

*ਕਬੀਰ ਸੰਗਤਿ ਕਰੀਐ ਸਾਧ ਕੀ*
*ਅੰਤਿ ਕਰੈ ਨਿਰਬਾਹ॥*
*ਸਾਕਤ ਸੰਗ ਨ ਕੀਜੀਐ ਜਾਤੇ ਹੋਇ ਬਿਨਾਹ॥*

ਅਰਥਾਤ, ਹੇ ਕਬੀਰ ਸਾਧ ਸੰਗਤਿ ਵਿਚ ਜੁੜਨਾ ਚਾਹੀਦਾ ਹੈ। ਸਾਧ ਸੰਗਤ ਵਾਲਾ ਸਾਥ ਤੋੜ ਨਿਭਦਾ ਹੈ। ਰੱਬ ਨਾਲੋਂ ਟੁੱਟੇ ਬੰਦਿਆਂ ਦੀ ਸੁਹਬਤਿ ਨਹੀਂ ਕਰਨੀ ਚਾਹੀਦੀ ਇਸ ਤੋਂ ਆਤਮਕ ਮੌਤ ਹੋ ਜਾਂਦੀ ਹੈ।

*ਕਬੀਰ ਸਾਧ ਕੀ ਸੰਗਤਿ ਰਹਉ*
*ਜਉ ਕੀ ਭੂਸੀ ਖਾਉ॥*
*ਹੋਨਹਾਰ ਸੋ ਹੋਇ ਹੈ ਸਾਕਤ ਸੰਗ ਨ ਜਾਉ॥*

ਹੇ ਕਬੀਰ ਮੈਂ ਗੁਰਮੁਖਾਂ ਦੀ ਸੰਗਤ ਵਿਚ ਟਿਕਿਆ ਰਹਾਂ। ਭਾਵੇਂ ਮੇਰੀ ਕਿਰਤ ਕਮਾਈ ਬਹੁਤ ਘਟ ਹੋ ਜਾਏ ਤੇ ਮੈਂ ਜੌਂ ਦੇ ਛਿਲੜ ਖਾ ਕੇ ਗੁਜ਼ਾਰਾਂ ਕਰਾਂ। ਜਿਹੜਾ ਕਸ਼ਟ ਵੀ ਆਵੇ ਪਿਆ ਆਵੇ। ਪਰ ਮੈਂ ਰੱਬ ਨਾਲੋਂ ਟੁੱਟੇ ਬੰਦਿਆਂ ਦੀ ਸੁਹਬਤ ਵਿਚ ਨਾ ਜਾਵਾਂ।

ਭਾਈ ਗੁਰਦਾਸ ਜੀ ਆਪਣੇ ਨਿਵੇਕਲੇ ਅੰਦਾਜ਼ ਵਿਚ ਸਾਧ ਸੰਗਤ ਬਾਰੇ ਚਾਨਣਾ ਪਾਉਂਦੇ ਹਨ:

*ਸਾਧ ਸੰਗ ਦ੍ਰਿਸ਼ਟ ਦਰਸ ਕੈ*
*ਹੈ ਬ੍ਰਹਮ ਗਿਆਨ,*
*ਸੋਈ ਤੌ ਅਸਾਧੁ ਸੰਗ ਦ੍ਰਿਸ਼ਟਿ ਵਿਕਾਰ ਹੈ।*
*ਸਾਧ ਸੰਗ ਸ਼ਬਦ ਸੁਰਤਿ ਕੈ*
*ਹੈ ਬ੍ਰਹਮ ਗਿਆਨ,*
*ਸੋਈ ਤੌ ਅਸਾਧ ਸੰਗ ਬਾਦ ਅਹੰਕਾਰ ਹੈ।*
*ਸਾਧ ਸੰਗ ਅਸਨ ਵਸਨ ਕੈ ਮਹਾ ਪ੍ਰਸਾਦ,*
*ਸੋਈ ਤੌ ਅਸਾਧ ਸੰਗ ਬਿਖਮ ਅਹਾਰ ਹੈ।*
*ਦੁਰਮਤਿ ਜਨਮ ਮਰਨ ਹੈ ਅਸਾਧ ਸੰਗ,*
*ਗੁਰਮਤਿ ਸਾਧ ਸੰਗ ਮੁਕਤਿ ਦੁਆਰ ਹੈ।*

# ਰੱਬ ਦੀ ਪ੍ਰਸੰਸਾ ਲਈ ਉੱਚੀ ਆਵਾਜ਼ ਦੀ ਲੋੜ ਨਹੀਂ

**ਰਾਮ ਸਿੰਘ ਢੇਸੀ**

ਧੰਨਵਾਦ ਸਹਿਤ
ਪੰਜਾਬੀ ਟ੍ਰਿਬਿਊਨ 'ਚੋਂ

'ਦੁਨੀਆਂ ਮੈ ਜੋ ਸ਼ੈਅ ਫਰਾਵਾਂ ਹੂਈ ਬਾਜ਼ਾਰਿ ਆਲਮ ਮੈਂ ਅਰਜਾਂ ਹੂਈ'

ਉਰਦੂ ਦਾ ਇਹ ਸ਼ੇਅਰ ਪੰਜਾਬ ਵਿਚ 'ਚੀਕ ਚਿਹਾੜੇ' ਉੱਤੇ ਪੂਰੀ ਤਰ੍ਹਾਂ ਲਾਗੂ ਹੁੰਦਾ ਹੈ। ਅਰਥਾਤ ਜਿਹੜੀ ਚੀਜ਼ ਦੀ ਬਹੁਤਾਤ ਹੋ ਜਾਵੇ ਸੰਸਾਰ ਦੀ ਮੰਡੀ ਵਿਚ ਉਸ ਦੀ ਬੇਕਦਰੀ ਹੋ ਜਾਂਦੀ ਹੈ। 'ਸ਼ੋਰ' ਖਾਸ ਕਰਕੇ ਗੁਰਦੁਆਰਿਆਂ ਤੇ ਮੰਦਰਾਂ ਦੇ ਉੱਚੇ ਤੋਂ ਉੱਚੇ ਟੰਗੇ ਸ਼ਕਤੀਸ਼ਾਲੀ ਲਾਊਡ ਸਪੀਕਰਾਂ ਦਾ 'ਸ਼ੋਰ' ਸਾਰੇ ਹੱਦਾਂ ਬੰਨੇ ਟੱਪ ਚੁੱਕਾ ਹੈ। ਇਹ 'ਸ਼ੋਰ' ਮਚਾਇਆ ਵੀ ਦਿਨ ਦੇ ਚਵੀ ਘੰਟਿਆਂ ਵਿਚੋਂ ਉਸ ਸਮੇਂ ਜਾਂਦਾ ਹੈ ਜੋ ਸਭ ਤੋਂ ਵਡਮੁੱਲਾ ਸਮਾਂ ਹੁੰਦਾ ਹੈ। ਅੰਮ੍ਰਿਤ ਵੇਲੇ ਜਦ ਕਾਦਰ ਦੀ ਦੁਨੀਆਂ ਇਕ ਵਿਸਮਾਦ ਵਿਚ ਹੁੰਦੀ ਹੈ ਤੇ ਜਾਂ ਤਰਕਾਲਾਂ ਵੇਲੇ ਜਦੋਂ ਹਰ ਜੀਵ-ਜੰਤੂ, ਪੰਖੂ-ਪਖੇਰੂ, ਪਸ਼ੂ, ਜੰਗਲੀ ਜਾਨਵਰ, ਰੁੱਖ, ਦਰੱਖਤ ਤੇ ਮਨੁੱਖਤਾ ਸੌਣ ਦੀ ਤਿਆਰੀ ਵਿਚ ਹੁੰਦੇ ਹਨ। ਅੰਮ੍ਰਿਤ ਵੇਲਾ 'ਫਜਰ' ਭਗਤੀ ਵਿਚਾਰ ਅਤੇ ਦਿਨ ਭਰ ਦੀ ਰੁਝੇਵਿਆਂ ਭਰੇ ਜੀਵਨ ਦੀ ਜਦੋ-ਜਹਿਦ ਦੀ ਤਿਆਰੀ ਦਾ ਸਮਾਂ ਹੁੰਦਾ ਹੈ। ਰੌਲੇ-ਰੱਪੇ ਵਿਚ ਉਸ ਕਾਦਰ ਦੀ ਕੁਦਰਤ ਨਾਲ ਇਕਾਗਰ ਚਿਤ ਹੋ ਜੁੜ ਬੈਠਣਾ ਮੁਸ਼ਕਿਲ ਹੈ। ਬ੍ਰਹਿਮੰਡੀ ਵਿਸਮਾਦ ਨਾਦ ਦਾ ਆਨੰਦ ਮਾਨਣਾ ਔਖੀ ਗੱਲ ਹੈ।

ਗੁਰੂ ਅਮਰਦਾਸ ਜੀ ਦੀ ਸੰਗਤ ਤੇ ਪੰਗਤ ਵਾਲੀ ਸੋਚ ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ ਲਈ ਪਾਣੀ ਦੀ ਗਾਗਰ ਚੁੱਕੀ ਆਉਂਦਿਆਂ ਇਸੇ ਵਿਸਮਾਦਿਕ ਸਮੇਂ ਦੀ ਸੋਚ ਦੀ ਦੇਣ ਸੀ। ਗੁਰੂ ਨਾਨਕ ਦੇਵ ਜੀ ਦੀ ਆਰਤੀ (ਕੈਸੀ ਆਰਤੀ ਹੋਇ ਭਾਵ ਖੰਡਨਾ) ਭਵਖੰਡਨਾ ਦੀ ਆਰਤੀ ਦਾ ਸੰਕਲਪ ਸ਼ੋਰ ਸ਼ਰਾਬੇ ਵਾਲੇ ਵਾਤਾਵਰਨ ਵਿਚ ਸੰਭਵ ਸੀ। ਉਨ੍ਹਾਂ ਸ਼ੋਰ ਸ਼ਰਾਬੇ ਵਾਲੀ ਦਿਖਾਵੇ ਤੇ ਕਰਮ ਕਾਂਡੀ ਆਰਤੀ ਦਾ ਖੰਡਨ ਹੀ ਤਾਂ ਕੀਤਾ ਹੈ। ਗੁਰੂ ਦੀ ਬਾਣੀ ਨੂੰ ਅਸੀਂ ਇਕ ਰੌਲਾ-ਰੱਪਾ ਬਣਾ ਛੱਡਿਆ ਹੈ। ਗੁਰੂ ਘਰਾਂ ਵਿਚ ਅਤੇ ਹੋਰ ਧਰਮ ਅਸਥਾਨਾਂ ਵਿਚ 'ਚੁੱਪ ਦਾ ਦਾਨ ਬਖਸ਼ੋ ਜੀ' ਆਦਿ ਲਿਖਿਆ ਨਜ਼ਰ ਆਉਂਦਾ ਹੈ ਪਰ ਉਥੇ ਕੋਈ ਕਿਸੇ ਦੀ ਸੁਣਦਾ ਹੀ ਨਹੀ। ਸ਼ੋਰ ਬਾਣੀ ਪੜ੍ਹਨ ਵਾਲੇ ਖੁਦ ਮਚਾਈ ਜਾਂਦੇ ਹਨ। ਬਾਣੀ ਦੀ ਬੇਅਦਬੀ ਰੱਜ ਕੇ ਹੋ ਰਹੀ ਹੈ। ਬਾਣੀ ਦੀ ਬੇਅਦਬੀ, ਗੁਰੂ ਦੀ ਬੇਅਦਬੀ ਹੈ। ਹਸਪਤਾਲ ਵਿਚ ਜਿੱਥੇ ਮਰੀਜ਼ਾਂ ਨੂੰ ਆਰਾਮ ਦੀ ਲੋੜ ਹੁੰਦੀ ਹੈ ਤੇ ਡਾਕਟਰਾਂ ਨੂੰ ਕੁਝ ਸੋਚਣ ਸਮਝਣ ਦੀ, ਉਹ ਵੀ ਰੌਲੇ-ਰੱਪੇ ਵੱਲੋਂ ਬੇਧਿਆਨ ਹਨ। ਉਥੇ ਗੱਡੀਆਂ ਦੇ ਹਾਰਨ ਧੂਤੂਆਂ ਵਾਂਗ ਵੱਜਦੇ ਹਨ। ਸਕੂਲਾਂ ਵਿਚ ਲਾਊਡ ਸਪੀਕਰਾਂ ਦੀ ਆਮ ਵਰਤੋਂ ਹੁੰਦੀ ਹੈ। ਕਾਰਖਾਨਿਆਂ ਅਤੇ ਹਵਾਈ ਜਹਾਜ਼ਾਂ ਦੀ ਗੂੰਜ ਤਾਂ ਮੀਲਾਂ ਤੱਕ ਜਾਂਦੀ ਹੈ। ਕਿਸੇ ਨੂੰ ਵੱਧ ਸ਼ੋਰ ਵਾਲੇ ਕਮਰੇ ਵਿਚ ਬੰਦ ਕਰ ਵੇਖੋ। ਇਕ ਦੋ ਦਿਨ ਵਿਚ ਪਾਗਲ ਹੋ ਜਾਵੇਗਾ। ਬਾਂਦਰਾਂ ਉੱਤੇ ਇਹ ਤਜਰਬਾ ਕੀਤਾ ਜਾ ਚੁੱਕਾ ਹੈ। ਪਹਿਲਾਂ ਤਾਂ ਉਹ ਰੋਂਦੇ ਕੁਰਲਾਉਂਦੇ ਅੱਖਾਂ ਵਿਚੋਂ ਨੀਰ ਵਹਾਂਦੇ, ਚੀਕਾਂ ਮਾਰਦੇ, ਕੰਨਾਂ ਉੱਤੇ ਹੱਥ ਰੱਖ ਕੇ ਟੱਪਦੇ ਹਨ ਤੇ ਆਖਰ ਥੱਕ ਟੁੱਟ ਕੇ ਖੂੰਜੇ ਲੱਗ ਗੁੱਛ-ਮੁੱਛ ਹੋ ਬੈਠ ਜਾਂਦੇ ਹਨ। ਜੇਕਰ ਇਹ ਰੌਲਾ ਇਕ ਦੋ ਦਿਨ ਜਾਰੀ ਰੱਖਿਆ ਜਾਵੇ ਤਾਂ ਉਹ ਖਾਣਾ ਪੀਣਾ ਵੀ ਛੱਡ ਦਿੰਦੇ ਹਨ ਤੇ ਪੰਜ-ਸੱਤ ਦਿਨਾਂ ਵਿਚ ਜਾਨ ਦੇ ਦਿੰਦੇ ਹਨ। ਰੌਲੇ ਵਾਲੇ ਮਾਹੌਲ ਵਿਚ ਗਰਭ ਵਿਚ ਬੱਚੇ ਦਾ ਸਹੀ ਵਿਕਾਸ ਨਹੀਂ ਹੁੰਦਾ। ਭਿਆਨਕ ਅਤੇ ਅਚਾਨਕ ਗਰਜ ਨਾਲ ਗਰਭ ਡਿਗ ਵੀ ਸਕਦਾ ਹੈ। ਸ਼ੋਰ ਵਿਚ ਪ੍ਰਵਾਨ ਚੜ੍ਹਨ ਵਾਲੇ ਬੱਚੇ ਆਮ ਤੌਰ ਉੱਤੇ ਖਿਝੂ, ਚਿੜਚਿੜੇ ਗੁਸੈਲ ਅਤੇ ਝਗੜਾਲੂ ਹੁੰਦੇ ਹਨ। ਉਹ ਦੂਜਿਆਂ ਦੀ ਗੱਲ ਜਾਂ ਖਿਆਲ ਸੁਣਨ ਵਿਚ ਅਸਮਰੱਥ ਹੋ ਸਕਦੇ ਹਨ। ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਬੱਚੇ ਵੱਡੇ ਹੋ ਕੇ ਭਗਤਾਂ, ਰਿਸ਼ੀਆਂ, ਮੁਨੀਆਂ, ਸੋਚਵਾਨਾਂ, ਫਿਲਾਸਫਰਾਂ ਵਾਲਾ ਭਾਈਚਾਰਾ ਨਹੀਂ ਉਸਾਰ ਸਕਣਗੇ। ਸ਼ੋਰ ਨਾਲ ਹਲਕਾ ਬੁਖਾਰ ਆਮ ਹੋ ਸਕਦਾ ਹੈ। ਇਨ੍ਹਾਂ ਰੋਗਾਂ ਦੇ ਰੋਗੀਆਂ ਵਿਚ ਸਹਿਣਸ਼ੀਲਤਾ ਘਟ ਜਾਂਦੀ ਹੈ ਤੇ ਉਹ ਮਾਮੂਲੀ ਜਿਹੀ ਗੱਲ ਉੱਤੇ ਲੜਾਈ ਝਗੜੇ ਲਈ ਤਿਆਰ ਹੋ ਜਾਂਦੇ ਹਨ। ਕਦੀ ਕਦੀ ਸ਼ੋਰ ਕਰਕੇ ਨੌਬਤ ਖੁਦਕੁਸ਼ੀ ਤੱਕ ਪੁੱਜ ਸਕਦੀ ਹੈ। ਬਲੱਡ ਪ੍ਰੈਸ਼ਰ ਵਿਚ ਸ਼ੋਰ ਵਾਧਾ ਕਰਦਾ ਹੈ। ਇਸ ਰੋਗ ਦੇ ਰੋਗੀਆਂ ਨੂੰ ਡਾਕਟਰ ਰੌਲੇ-ਰੱਪੇ ਤੋਂ ਦੂਰ ਰਹਿਣ ਲਈ ਆਦੇਸ਼ ਦਿੰਦੇ

ਹਨ।

ਸ਼ੋਰ ਨਾਲ ਜਾਗੇ ਜੀਵ ਦਾ ਮਨ ਕਾਫੀ ਸਮੇਂ ਲਈ ਉਚਾਟ ਰਹਿੰਦਾ ਹੈ। ਉਸਨੂੰ ਬੜੀ ਦੇਰ ਲਈ ਇਕ ਖਿਝ ਜਿਹੀ ਚੜ੍ਹੀ ਰਹੇਗੀ। ਇਹ ਥੱਕਿਆ ਥੱਕਿਆ ਰਹੇਗਾ। ਉਹ ਕੰਮ-ਕਾਰ ਤੋਂ ਵੀ ਕਤਰਾਏਗਾ। ਬੱਚਾ ਸੁੱਤਾ ਪਿਆ ਹੋਵੇ ਤਾਂ ਮਾਵਾਂ ਚੁੱਪ ਰਹਿਣ ਲਈ ਸੰਕੇਤ ਕਰਦੀਆਂ ਹਨ, ਮਤੇ ਬੱਚਾ ਕੱਚੀ ਨੀਂਦ ਉੱਠ ਬੈਠੇ। ਕੱਚੀ ਨੀਂਦ ਜਾਗਿਆ ਬੱਚਾ ਮਾਸੂਮ ਮੁਸਕਰਾਹਟ ਪੇਸ਼ ਕਰਨ ਦੀ ਥਾਂ ਚੀਕ-ਚਿਹਾੜਾ ਪਾ ਦਿੰਦਾ ਹੈ ਤੇ ਉਸ ਨੂੰ ਸ਼ਾਂਤ ਕਰਨ ਲਈ ਕਈ ਕਈ ਡਰਾਮੇ ਕਰਨੇ ਪੈਂਦੇ ਹਨ। ਉਸਨੂੰ ਵਰਾਉਣਾ ਪੈਂਦਾ ਹੈ। ਸ਼ੋਰ ਨਾਲ ਜੀਵਾਂ ਦੀ ਸੁਣਨ ਸ਼ਕਤੀ ਘਟਦੀ ਘਟਦੀ ਨਸ਼ਟ ਹੋ ਸਕਦੀ ਹੈ। ਅਸੀਂ ਹੌਲੀ ਹੌਲੀ ਆਪਣੇ ਦੇਸ਼ ਨੂੰ ਬੋਲਿਆਂ ਦਾ ਦੇਸ਼ ਬਣਾ ਸਕਦੇ ਹਾਂ। ਵੇਖਣ ਵਿਚ ਆਉਂਦਾ ਹੈ ਕਿ ਸਾਡੇ ਲੋਕ ਹੋਰਨਾਂ ਦੇਸਾਂ ਖਾਸ ਕਰਕੇ ਪੱਛਮੀ ਦੇਸਾਂ ਦੇ ਵਾਸੀਆਂ ਦੀ ਨਿਸਬਤ ਉੱਚੀ ਤੇ ਚੀਕਾਂ ਮਾਰ ਮਾਰ ਬੋਲਦੇ ਹਨ। ਇਸ ਦਾ ਕਾਰਨ ਸਾਡਾ ਸ਼ੋਰ ਵਾਲਾ ਮਾਹੌਲ ਹੈ ਤੇ ਇਹ ਸਾਡੀ ਘਟ ਰਹੀ ਸੁਣਨ ਸ਼ਕਤੀ ਦੀ ਨਿਸ਼ਾਨੀ ਹੈ। ਇਕ ਸਿਹਤਮੰਦ ਭਾਈਚਾਰੇ ਦੀ ਉਸਾਰੀ ਖਾਤਰ, ਉਸ ਦੇ ਉਸਾਰੂਆਂ ਲਈ ਆਪਾ ਚੀਨਣਾ ਬਹੁਤ ਹੀ ਜ਼ਰੂਰੀ ਹੈ ਪਰ ਰੌਲ-ਰੱਪੇ ਵਾਲੇ ਚੌਗਿਰਦੇ ਵਿਚ ਵਿਚਰਨ ਵਾਲੇ ਲੋਕਾਂ ਪਾਸੋਂ ਆਪਾ ਚੀਨਣ ਦੀ ਆਸ ਰੱਖਣੀ ਔਖੀ ਗੱਲ ਹੈ।

ਉੱਚੀ ਬੋਲਣਾ, ਗੁਰਬਾਣੀ ਫਲਸਫੇ ਦੇ ਅਨੁਕੂਲ ਨਹੀਂ। ਉੱਚ ਉੱਚੀ ਚੀਕਣਾ, ਸ਼ੋਰ ਮਚਾਉਣਾ ਬਕੜਵਾਹ ਤੋਂ ਵੱਧ ਹੋਰ ਕੁਝ ਵੀ ਨਹੀਂ ਕਿਹਾ ਜਾ ਸਕਦਾ। ਰੱਬ ਬੋਲਾ ਨਹੀਂ। ਉਸ ਦੀ ਪ੍ਰਸੰਸਾ ਲਈ ਵੱਡੇ ਸਪੀਕਰਾਂ ਦੀ ਉੱਕਾ ਹੀ ਲੋੜ ਨਹੀਂ। ਇਹ ਨਿਰਾ ਦਿਖਾਵਾ ਹੈ, ਸ਼ੋਰ ਹੈ, ਚੀਕ-ਚਿਹਾੜਾ ਹੈ ਤੇ ਇਕ ਰੋਗ ਹੈ। ਇਸਦੀ ਬੰਦੀ ਸਾਡੇ ਵੱਸ ਵਿਚ ਹੈ ਤੇ ਜਿੰਨੀ ਛੇਤੀ ਇਸ ਸ਼ੋਰ ਉੱਤੇ ਕਾਬੂ ਪਾਇਆ ਜਾ ਸਕੇ ਉਨਾ ਹੀ ਭਲਾ ਹੈ।

# Sound and Silence

**Manmohan Singh**

103 Avanish Apartment, Dev-Deep Complex, Nizampura, Vadodara, Gujrat

When the natural object vibrates at certain frequency the sound vibrations are produced, which are received through ears and interpreted by mind.

At the center is silence, in general our ears are prone to noise, feel uneasiness when subjected to silence, but when they become prone to silence feel unease at the very behest of noise, when the ears becomes habitual to silence the feeling of unease wears off.

Holi scriptures say in the beginning there was word (shabad) and word was god, god created the world with the word.

Sound originates from the lap of silence. When that silence is broken, the music is originated, air in still condition can not produce sound but the same air when flows create music, similarly still water in pond cannot create sound and the same water at the sea shore creates a music a very natural music.

silence is Anhad, when silence is broken or wounded it becomes Naad, senses can register nad, but not the Anhad. Anhad can be registered by high state of refined mind.

Music is an outcome of pain, which the aghat produces in the way by striking or wounding the silence. This pain turns into the joy and soothing from of music is produced, which is most perfect from of art, since creation of universe.

silence can be wounded in so many of different ways to produce sound. Strike the plam (taali), use of fingers, help of wind or breeath, leather used too. Even a flat piece of stones or tiles used by street singers to produce perfect melodies, equally matching the sophisticated e-instruments. but the most perfect and primary instrument is human voice that no instrument can produce or duplicate. Though at heart all the instruments are striving to duplicate.

Ears are at ease while listening the human voice, need no analyses to listen the human voice, unlike they strive hard to register the instrumental sound. Human voice is a perfect music. This perfectness also comes from the fact that human is an image of god. This image carries the same power of voice that is with god. If god created the world with word then human as well carries the power of words (the sound). Voice is a powerful tool the man carries handy with him. It soothes, it hurts, it calms other. Repeated utterance cleanses the surrounding (naam simran). Voice is the most powerful media to talk with the god, ether filled media acts as an ideal media for transmitting thoughts and voice

to the etenity. Ripples created by voice here in immediate surrounding .pushes the ether particles to transmit the voice or sound to the higher intelligence, which is a permanent channel to contact god. This is how our prayer (a sound from) reaches the god and through the same media the prayers are answered too by the god.

If the sound is so powerful the silence is even more powerful as it is like expanding universe, spreads in all possible directions, also the silence is complete (pooran), rest is incomplete (apooran).Silence is told to be celebrated, noise is too celebrated (develop the feeling of calmness in the crowd. silence helps the man (if it is observed) to receive the thoughts from the eternity (voice of god)

Sound and silence are same at the core, what remains ultimately is silence, remove sound silence is left, that is anhad.

# ਸੁਰ ਲਿਪੀਆਂ

## ਗਿਆਨ ਸਿੰਘ ਐਬਟਾਬਾਦ

ਗੁਰਬਾਣੀ ਸੰਗੀਤ (ਭਾਗ ਪਹਿਲਾ)

ਰਾਗ ਟੋਡੀ

ਆਰੋਹ : ਸ ਰੁ ਗੁ ਮੰਪ ਧੁ ਨ ਸਂ। ਅਵਰੋਹ : ਸਂ ਨ ਧੁ ਪ ਮੰ ਗੁ ਰੁ ਸ।

ਥਾਟ : ਟੋਡੀ **ਜਾਤੀ** : ਸੰਪੂਰਣ। **ਸਮਾਂ** : ਦਿਨ ਦਾ ਦੂਜਾ ਪਹਿਰ ਪ ਅਲਪ, ਆਰੋਹ ਵਿਚ।

ਵਾਦੀ : ਧੁ **ਸੰਵਾਦੀ** : ਗੁ। **ਪਕੜ** : ਧੁ ਨ਼ ਸ, ਰੁ ਗੁ, ਰੁ ਸ, ਮੰ, ਗੁਰੁਗੁ ਰੁਸ।

ਤੀਨ ਤਾਲ, ਮਧਯ ਲਯ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| *ਸਥਾਈ* | | | | ਧੁ | ਮੰ | ਧੁਨ | ਸਂਨ | ਧੁ | ਪ | ਮੇ | ਪ | ਮੰ | ਗ | ਮੰ | – |
| | | | | *ਆ* | *ऽ* | *ਈऽ* | *ऽऽ* | *ऽ* | *ਮੇ* | *ऽ* | *ਰੇ* | *ਮ* | *ਨ* | *ਕੋ* | *ऽ* |
| ਧੁ | ਧੁ | – | – | ਮੰ | ਗੁ | ਰੁ | ਸ | – | ਸ | ਰੁ | ਰੁ | ਸ | – | ਸ | ਰੁ |
| *ਸੁ* | *ਖੁ* | *ऽ* | *ऽ* | *ऽ* | *ऽ* | *ऽ* | *ऽ* | *ऽ* | *ਕੋ* | *ਟਿ* | *ਅ* | *ਨੰ* | *ऽ* | *ਦ* | *ਗਾ* |
| ਗੁ | ਮੰ | ਧੁ | ਮੰ | ਗੁ | ਰੁ | ਸ | – | ਮੰ | ਮੰ | ਧੁ | ਧੁ | ਸਂ | ਸਂ | ਸਂ | ਸਂ |
| *ऽ* | *ਜ* | *ਸੁ* | *ਖੁ* | *ਭੁ* | *ਗ* | *ਵੈ* | *ऽ* | *ਹ* | *ਰਿ* | *ਸਿ* | *ਮ* | *ਰ* | *ਤ* | *ਬਿ* | *ਨ* |
| ਧੁਨ | ਸਂਨ | ਧੁਪ | ਮੰਧ | ਗੁਮੰ | ਪਮੰ | ਗੁਮੰ | ਗੁਰੁ | ਸ | ਪ | ਮੰ | ਪ | | | | |
| *ਸੈऽ* | *ऽऽ* | *ਸऽ* | *ਭऽ* | *ਦੂऽ* | *ऽऽ* | *ऽऽ* | *ऽऽ* | *ਖ* | *ਮੇ* | *ऽ* | *ਰੇ* | | | | |
| *ਅੰਤਰਾ* | | | | | | | | | ਮੰ | ਮੰ | ਮੰ | ਧੁ | ਧੁ | ਧੁ | ਮੰ |
| | | | | | | | | | *ਕੋ* | *ਟਿ* | *ਜ* | *ਨ* | *ਮ* | *ਕੇ* | *ऽ* |
| ਧੁ | ਸਂ | ਸਂ | ਸਂ | ਸਂਰੁਂ | ਗੁਂ | ਰੁਂ | ਸਂ | – | ਗੁਂ | ਰੁਂ | ਰੁਂ | ਸਂ | – | ਸਂ | ਸਂ |
| *ਕਿ* | *ਲ* | *ਬਿ* | *ਖਿ* | *ਨਾऽ* | *ऽ* | *ਸਹਿ* | *ऽ* | *ऽ* | *ਸਿਮ* | *ਰ* | *ਤ* | *ਪਾ* | *ऽ* | *ਵ* | *ਨ* |
| ਧੁਨ | ਸਂਨ | ਧੁਪ | ਮੰਧ | ਗੁਮੰ | ਪਮੰ | ਗੁਮੰ | ਗੁਰੁ | ਸ | ਪ | ਮੰ | ਪ | | | | |
| *ਤऽ* | *ਨऽ* | *ਮऽ* | *ਨऽ* | *ਸੁऽ* | *ऽऽ* | *ऽऽ* | *ऽऽ* | *ਖ* | *ਮੇ* | *ऽ* | *ਰੇ* | | | | |
| X | | | | 2 | | | | 0 | | | | 3 | | | |

# ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

## ਮਨਮੋਹਨ ਸਿੰਘ

| | | |
|---|---|---|
| ਟੋਡੀ ਮਹਲਾ ੫ ॥ | Todi 5th Guru. | ਟੋਡੀ ਪੰਜਵੀਂ ਪਾਤਿਸ਼ਾਹੀ। |
| ਮਾਈ ਮੇਰੇ ਮਨ ਕੋ ਸੁਖੁ ॥ | My mother, my mind has obtained peace. | ਮੇਰੀ ਮਾਤਾ, ਮੇਰੇ ਚਿਤ ਨੂੰ ਆਰਾਮ ਪਰਾਪਤ ਹੋ ਗਿਆ ਹੈ। |
| ਕੋਟਿ ਅਨੰਦ ਰਾਜ ਸੁਖ ਭੁਗਵੈ ਹਰਿ ਸਿਮਰਤ ਬਿਨਸੈ ਸਭ ਦੁਖੁ ॥ | I, now enjoy the pleasures and comforts of millions of dominions. Remembering God, all my distresses are dispelled. | ਮੈਂ ਹੁਣ ਕ੍ਰੋੜਾਂ ਹੀ ਪਾਤਿਸ਼ਾਹੀਆਂ ਦੀ ਖੁਸ਼ੀਆਂ ਅਤੇ ਆਰਾਮ ਮਾਣਦਾ ਹਾਂ। ਵਾਹਿਗੁਰੂ ਦਾ ਭਜਨ ਕਰਨ ਦੁਆਰਾ ਮੇਰੇ ਸਾਰੇ ਦੁਖੜੇ ਦੂਰ ਹੋ ਗਏ ਹਨ। |
| ਰਹਾਉ ॥ | Pause. | ਠਹਿਰਾਉ। |
| ਕੋਟਿ ਜਨਮ ਕੇ ਕਿਲਬਿਖ ਨਾਸਹਿ ਸਿਮਰਤ ਪਾਵਨ ਤਨ ਮਨ ਸੁਖ ॥ | By Lord's meditation, the sins of myriads of births are eradicated and man's body and mind attain peace. | ਸਾਂਈਂ ਦੀ ਬੰਦਗੀ ਦੁਆਰਾ ਕ੍ਰੋੜਾਂ ਜਨਮਾਂ ਦੇ ਪਾਪ ਮਿਟ ਜਾਂਦੇ ਹਨ, ਅਤੇ ਆਦਮੀ ਦੀ ਦੇਹ ਤੇ ਆਤਮਾ ਆਰਾਮ ਪਾਉਂਦੇ ਹਨ। |
| ਦੇਖਿ ਸਰੂਪੁ ਪੂਰਨੁ ਭਈ ਆਸਾ ਦਰਸਨੁ ਭੇਟਤ ਉਤਰੀ ਭੁਖ ॥੧॥ | Seeing Lord's Beauteous Form, my aspiration is fulfilled and having the sight of Him my hunger is satiated. | ਸੁਆਮੀ ਦਾ ਸੁੰਦਰ ਰੂਪ ਦੇਖਣ ਦੁਆਰਾ, ਮੇਰੀ ਅਭਿਲਾਖਾ ਪੂਰੀ ਹੋ ਗਈ ਹੈ ਅਤੇ ਉਸ ਦਾ ਦੀਦਾਰ ਪਾਉਣ ਨਾਲ ਮੇਰੀ ਖੁਦਿਆ ਨਵਿਰਤ ਥੀ ਗਈ ਹੈ। |
| ਚਾਰਿ ਪਦਾਰਥਿ ਅਸਟ ਮਹਾ ਸਿਧਿ ਕਾਮਧੇਨੁ ਪਾਰਜਾਤ ਹਰਿ ਹਰਿ ਰੁਖੁ ॥ | God's Name is the four cardinal boons, eight supreme supernatural powers, the elysian cow and the celestial tree. | ਵਾਹਿਗੁਰੂ ਦਾ ਨਾਮ ਚਾਰ ਉਤਮ ਦਾਤਾਂ, ਅਠ ਵਿਸ਼ਾਲ ਕਰਾਮਾਤੀ ਸ਼ਕਤੀਆਂ, ਸਵਰਗੀ ਗਾਂ ਅਤੇ ਕਲਪ ਬਿਰਛ ਹੈ। |
| ਨਾਨਕ ਸਰਨਿ ਗਹੀ ਸੁਖ ਸਾਗਰ ਜਨਮ ਮਰਨ ਫਿਰਿ ਗਰਭ ਨ ਧੁਖੁ ॥੨॥੧੦॥੨੯॥ | Nanak has grasped the protection of the ocean of peace and he shall not, again, suffer the pain of birth, death and womb. | ਨਾਨਕ ਨੇ ਆਰਾਮ ਦੇ ਸਮੁੰਦਰ ਦੀ ਪਨਾਹ ਪਕੜੀ ਹੈ ਅਤੇ ਉਹ ਮੁੜ ਕੇ, ਜੰਮਣ, ਮਰਨ ਅਤੇ ਉਦਰ ਦੀ ਪੀੜ ਨਹੀਂ ਉਠਾਵੇਗਾ। |